# ਗਾਥਾ ਸ਼ਹੀਦ ਊਧਮ ਸਿੰਘ

**ਏਸੇ ਕਲਮ ਤੋਂ:-**

- ਗਾਥਾ ਸ਼ਹੀਦ ਭਗਤ ਸਿੰਘ
- ਗਾਥਾ ਸ਼ਹੀਦ ਮਦਨ ਲਾਲ ਢੀਂਗੜਾ
- ਗਾਥਾ ਸ਼ਹੀਦ ਕਾਂਸ਼ੀ ਰਾਮ ਅਤੇ ਗਦਰ ਲਹਿਰ
- ਤਾਰਿਆਂ ਦੀ ਦੁਨੀਆਂ
- ਗਾਥਾ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਗਦਰ ਲਹਿਰ

# ਗਾਥਾ ਸ਼ਹੀਦ ਊਧਮ ਸਿੰਘ

## (ਸ਼ਹੀਦ ਮੁਹੰਮਦ ਸਿੰਘ ਆਜ਼ਾਦ)

**ਹਰੀ ਚੰਦ, ਐਡਵੋਕੇਟ**

*Biography/ Poetry/Punjabi Poetry*

ISBN : 978-93-5204-210-4

**Gaatha Shaheed Udham Singh**

*By*

**Hari Chand, Advocate**
H.No 2299, Sec-44C
Chandigarh
Mob. 98140-13764

Edition : 2017

Published by Lokgeet Parkashan
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429,4027552

*© 2017*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ

- ਮੁਖ-ਬੰਦ 7
- ਸੁਨਾਮ ਊਧਮ ਸਿੰਘ ਵਾਲਾ ਰੇਲਵੇ ਸੇਟਸ਼ਨ 9
- ਸ਼ਹੀਦ ਊਧਮ ਸਿੰਘ ਦੀਆਂ ਨਿੱਜੀ ਵਸਤਾਂ 10
- ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦਗਾਰ ਬਨਾਉਣ ਬਾਰੇ ਮਾਨਯੋਗ ਹਾਈ ਕੋਰਟ ਦਾ ਨਿਰਦੇਸ਼ 11
- ਪੰਜਾਬ ਸਰਕਾਰ ਵੱਲੋਂ ਦਿੱਤੇ ਸ਼ਪਥ-ਪੱਤਰ ਵਿੱਚ ਦੱਸੇ ਗਏ ਕੁਝ ਤਰਕ: 13
- ਸ਼ਹੀਦ ਸੁਖਦੇਵ ਦੀ ਯਾਦਗਾਰ ਬਾਰੇ ਮਾਨਯੋਗ ਹਾਈ ਕੋਰਟ ਦਾ ਫੈਸਲਾ 15
- ਕਰਾਂਤੀਕਾਰੀ ਪਾਰਟੀ ਦੇ ਦਫਤਰ ਨੂੰ ਸਮਾਰਕ ਵਿੱਚ ਬਦਲਣ ਬਾਰੇ ਮਾਨਯੋਗ ਹਾਈ ਕੋਰਟ ਵਿੱਚ ਪਟੀਸ਼ਨ ਦਾ ਅਸਰ। 18
- ਸ਼ਹੀਦੇ ਆਜ਼ਮ ਭਗਤ ਸਿੰਘ ਦਾ ਉਹ ਪਿਸਤੌਲ, ਜਿਸ ਨਾਲ ਉਸ ਨੇ ਅੰਗਰੇਜ਼ ਅਫਸਰ ਸਾਂਡਰਸ ਨੂੰ ਮੌਤ ਦੇ ਘਾਟ ਉਤਾਰਿਆ ਸੀ- ਵਾਪਸ ਪੰਜਾਬ ਪਹੁੰਚਿਆ : 20
- ਸਟੇਸ਼ਨ ਊਧਮ ਸਿੰਘ ਵਾਲਾ 22
- ਲੋਰੀ 24
- ਸਲਾਮ ਊਧਮ ਨੂੰ 27
- ਗਾਥਾ ਊਧਮ ਸਿੰਘ ਦੀ 28
- ਸਾਕਾ ਜਲ੍ਹਿਆਂ ਵਾਲੇ ਬਾਗ ਦਾ 30
- ਜਨਰਲ ਡਾਇਰ ਦਾ ਕਤਲ 32
- ਖ਼ਬਰਾਂ ਬੋਲਦੀਆਂ 34
- ਕਤਲ ਤੋਂ ਬਾਅਦ ਦਾ ਬਿਆਨ 36
- ਜੇਲ੍ਹ ਦਾ ਹਾਲ 37
- ਫਾਂਸੀ ਦੀ ਸਜ਼ਾ 39
- ਫਾਂਸੀ ਦਾ ਝੂਟਾ 42
- ਵਤਨ ਵਾਪਸੀ 44
- ਉਦੇ ਸਿੰਘ ਤੋਂ 48
- ਮੈਂ ਹਾਂ ਮੁਹੰਮਦ ਸਿੰਘ ਆਜ਼ਾਦ 50
- ਹੀਰ ਵਾਰਿਸ ਸ਼ਾਹ 52
- ਊਧਮ ਸਿੰਘ ਦਾ ਪਿਆਰ 54
- ਸਮਾਨ ਊਧਮ ਦਾ 56
- ਸਮਾਰਕ ਊਧਮ ਦਾ 57
- ਕਸਮ ਸ਼ਹੀਦਾਂ ਦੀ 59



ਸ਼ਹੀਦ ਊਧਮ ਸਿੰਘ



# ਮੁਖ-ਬੰਦ

ਸਾਡੇ ਮਹਾਨ ਸ਼ਹੀਦਾਂ "ਸ਼ਹੀਦ ਭਗਤ ਸਿੰਘ" "ਸ਼ਹੀਦ ਮਦਨ ਲਾਲ ਢੀਂਗੜਾ", "ਸ਼ਹੀਦ ਕਾਂਸ਼ੀ ਰਾਮ", "ਸ਼ਹੀਦ ਕਰਤਾਰ ਸਿੰਘ ਸਰਾਭਾ" ਦੀਆਂ ਗਾਥਾਵਾਂ ਲੋਕ ਅਰਪਣ ਕਰਨ ਤੋਂ ਬਾਅਦ ਹੁਣ ਮੈਂ ਇਹ "ਸ਼ਹੀਦ ਊਧਮ ਸਿੰਘ" (ਜਿਸ ਨੂੰ ਮੁਹੰਮਦ ਸਿੰਘ ਆਜ਼ਾਦ ਦੇ ਨਾਲ ਵੀ ਪੁਕਾਰਿਆ ਜਾਂਦਾ ਹੈ) ਨੂੰ ਸਮਰਪਿਤ ਗੀਤਾਂ ਦੀ ਕਿਤਾਬ ਪੰਜਾਬ ਦੀ ਬਹਾਦਰ ਜਨਤਾ ਨੂੰ ਭੇਟ ਕਰ ਰਿਹਾ ਹਾਂ। ਇਹ ਕਿਤਾਬ ਲਿਖਦੇ ਸਮੇ ਮੈ ਇਤਿਹਾਸਕਾਰ ਰਾਕੇਸ਼ ਕੁਮਾਰ ਜੀ ਦੀ ਲਿਖੀ ਕਿਤਾਬ "ਮਹਾਨ ਗਦਰੀ ਇਨਕਲਾਬੀ ਸ਼ਹੀਦ ਊਧਮ ਸਿੰਘ" ਤੋਂ ਕਾਫੀ ਪ੍ਰੇਰਣਾ ਲਈ ਹੈ। ਮੇਰੀ ਇਹ ਕਿਤਾਬ 31 ਜੁਲਾਈ, 2015 ਨੂੰ ਸ਼ਹੀਦ ਦੇ ਜੱਦੀ ਸ਼ਹਿਰ ਸੁਨਾਮ ਵਿਖੇ ਰਿਲੀਜ਼ ਕੀਤੀ ਜਾਵੇਗੀ।

ਆਸ ਕਰਦਾ ਹਾਂ ਕਿ ਮੇਰੀ ਇਹ ਨਿਮਾਣੀਂ ਜਿਹੀ ਕੋਸ਼ਿਸ਼ ਆਪ ਜੀ ਨੂੰ ਪਸੰਦ ਆਵੇਗੀ।

**ਹਰੀ ਚੰਦ, ਐਡਵੋਕੇਟ**

ਮਿਤੀ: 1.6.2015 ਚੰਡੀਗੜ੍ਹ।

# ਦੋ ਸ਼ਬਦ ਹੋਰ

ਸ਼ਹੀਦ ਊਧਮ ਸਿੰਘ ਦੀ ਗਾਥਾ ਦਾ ਪਹਿਲਾ ਸੰਸਕਰਣ ਹੱਥੋਂ ਹੱਥ ਵੰਡਿਆ ਗਿਆ -ਮੈਂ ਉਡੀਕ ਕਰ ਰਿਹਾ ਸਾਂ ਕਿ ਸ਼ਹੀਦ ਦੀ ਯਾਦ ਨੂੰ ਚਾਰ ਚੰਨ ਲਾਉਣ ਵਾਲਾ ਕੋਈ ਇਤਿਹਾਸਕ ਫੈਸਲਾ ਮਾਨਯੋਗ ਹਾਈ ਕੋਰਟ ਵੱਲੋਂ ਆਵੇ ਤਾਂ ਮੈਂ ਪਹਿਲੇ ਸੰਸਕਰਣ ਨੂੰ ਸੋਧ ਕੇ ਛਪਵਾਵਾਂ- ਹੁਣ ਉਹ ਮੌਕਾ ਆ ਗਿਆ ਲੱਗਦਾ ਹੈ – ਮਾਨਯੋਗ ਹਾਈ ਕੋਰਟ ਦੇ ਦਖ਼ਲ ਨਾਲ ਸੁਨਾਮ ਰੇਲਵੇ ਸਟੇਸ਼ਨ ਦਾ ਨਾਂ "ਸੁਨਾਮ ਊਧਮ ਸਿੰਘ ਵਾਲਾ ਰੇਲਵੇ ਸਟੇਸ਼ਨ" ਰੱਖ ਦਿੱਤਾ ਗਿਆ ਹੈ, ਅਤੇ ਸ਼ਹੀਦ ਊਧਮ ਸਿੰਘ ਦਾ ਪਿਸਤੌਲ ਅਤੇ ਹੋਰ ਨਿੱਜੀ ਵਸਤਾਂ ਨੂੰ ਲੰਦਨ ਵਿਚੋਂ ਭਾਰਤ ਲਿਆਉਣ ਦੀਆਂ ਭਰਪੂਰ ਕੋਸ਼ਿਸ਼ਾਂ ਕਰਨ ਦਾ ਹਲਫਨਾਮਾਂ ਭਾਰਤ ਸਰਕਾਰ ਨੇ ਮਾਨਯੋਗ ਹਾਈ ਕੋਰਟ ਵਿਚ ਦਾਇਰ ਕਰ ਦਿੱਤਾ ਹੈ।

ਇਥੇ ਮੈਂ ਇਕ ਰਹੱਸ ਸਾਂਝਾ ਕਰਨਾ ਚਾਹੁੰਦਾ ਹਾਂ ਕਿ ਮੈਂ ਆਪਣੇ ਨਾਂਵ ਨਾਲੋਂ "ਅਰੋੜਾ" ਸ਼ਬਦ ਹਟਾਉਣ ਦਾ ਫੈਸਲਾ ਕੀਤਾ ਹੈ। ਹੁਣ ਮੈਂ ਸਿਰਫ "ਹਰੀ ਚੰਦ" ਹਾਂ। ਦੋਸਤੋ, ਇਹ ਮੇਰੇ ਵੱਲੋਂ ਜਾਤੀ-ਵਿਹੀਣ ਸਮਾਜ ਦੀ ਦਿਸ਼ਾ ਵੱਲ ਚੁੱਕਿਆ ਇਕ ਛੋਟਾ ਜਿਹਾ ਕਦਮ ਹੈ।

**ਹਰੀ ਚੰਦ, ਐਡਵੋਕੇਟ**

ਮਿਤੀ: 15.6.2017 ਚੰਡੀਗੜ੍ਹ।









# ਸੁਨਾਮ ਊਧਮ ਸਿੰਘ ਵਾਲਾ ਰੇਲਵੇ ਸਟੇਸ਼ਨ

(ਸੀ ੳ ਸੀ ਪੀ –1484–2016 )
ਐਚ ਸੀ ਅਰੋੜਾ ਬਨਾਮ ਸਰਵੇਸ਼ ਕੌਸ਼ਲ

**ਪਟੀਸ਼ਨ ਕਰਤਾ ਦੀ ਫਰਿਆਦ ਅਤੇ ਅਦਾਲਤ ਦਾ ਆਦੇਸ਼ :**

ਪਟੀਸ਼ਨ ਕਰਤਾ ਨੇ ਸਿਵਲ ਰਿਟ ਪਟੀਸ਼ਨ ਰਾਹੀਂ ਸੁਨਾਮ ਰੇਲਵੇ ਸਟੇਸ਼ਨ ਦਾ ਨਾਂ ਬਦਲ ਕੇ ਸ਼ਹੀਦ ਊਧਮ ਸਿੰਘ ਦੇ ਨਾਂ ਤੇ "ਸੁਨਾਮ ਊਧਮ ਸਿੰਘ ਵਾਲਾ ਰੇਲਵੇ ਸਟੇਸ਼ਨ" ਰੱਖਣ ਦੀ ਫਰਿਆਦ ਕੀਤੀ ਸੀ। ਜਿਸ ਵਿਚ ਮਾਨਯੋਗ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਪਟੀਸ਼ਨ ਕਰਤਾ ਦੀ ਪ੍ਰਤੀਬੇਨਤੀ ਤੇ ਵਿਚਾਰ ਕਰਨ ਦਾ ਆਦੇਸ਼ ਦਿੱਤਾ ਸੀ। ਜਦੋਂ ਕਾਫੀ ਸਮੇਂ ਤੱਕ ਸਰਕਾਰ ਨੇ ਉੱਕਤ ਆਦੇਸ਼ ਦਾ ਪਾਲਣ ਨਾਂ ਕੀਤਾ ਤਾਂ ਪਟੀਸ਼ਨ ਕਰਤਾ ਨੇ "ਅਦਾਲਤ ਦੀ ਅਵਮਾਨਨਾ" ਦੀ ਪਟੀਸ਼ਨ ਦਾਇਰ ਕਰ ਦਿੱਤੀ, ਜਿਸ ਉਪਰੰਤ ਕੇਂਦਰ ਸਰਕਾਰ ਨੇ 21 ਦਿਸੰਬਰ, 2016 ਨੂੰ ਮਾਨਯੋਗ ਹਾਈ ਕੋਰਟ ਵਿਚ ਇਕ ਹਲਫ਼ਨਾਮਾਂ ਦਾਖ਼ਲ ਕਰ ਕੇ ਦੱਸਿਆ ਕਿ ਸੁਨਾਮ ਸ਼ਹੀਦ ਊਧਮ ਸਿੰਘ ਦਾ ਜੱਦੀ ਪਿੰਡ ਹੋਣ ਕਰਕੇ, ਸੁਨਾਮ ਰੇਲਵੇ ਸਟੇਸ਼ਨ ਦਾ ਨਾਂ ਬਦਲ ਕੇ "ਸੁਨਾਮ ਊਧਮ ਸਿੰਘ ਵਾਲਾ ਰੇਲਵੇ ਸਟੇਸ਼ਨ" ਕਰ ਦਿੱਤਾ ਗਿਆ ਹੈ।

## ਸ਼ਹੀਦ ਊਧਮ ਸਿੰਘ ਦੀਆਂ ਨਿੱਜੀ ਵਸਤਾਂ

ਸੀ ਡਬਲਯੂ ਪੀ-13267-2016

ਐਚ ਸੀ ਅਰੋੜਾ ਬਨਾਮ ਭਾਰਤ ਸਰਕਾਰ

**ਪਟੀਸ਼ਨ ਕਰਤਾ ਦੀ ਫਰਿਆਦ ਅਤੇ ਅਦਾਲਤ ਦਾ ਆਦੇਸ਼:**

ਸ਼ਹੀਦ ਊਧਮ ਸਿੰਘ ਨੇ 1940 ਵਿਚ ਲੰਦਨ ਵਿਖੇ ਜਨਰਲ ਡਾਇਰ ਦਾ ਕਤਲ ਕਰ ਕੇ ਜਲਿਆਂ ਵਾਲੇ ਬਾਗ਼ ਦੇ 1919 ਦੇ ਕਤਲੇਆਮ ਦਾ ਬਦਲਾ ਲਿਆ ਸੀ- ਉਸਦਾ ਪਿਸਤੌਲ ਅਤੇ ਹੋਰ ਨਿੱਜੀ ਵਸਤਾਂ ਹੁਣ ਤਕ ਲੰਦਨ ਦੇ ਅਜਾਇਬ ਘਰ ਵਿਚ ਹੀ ਪਈਆਂ ਹਨ। ਪਟੀਸ਼ਨ ਕਰਤਾ ਨੇ ਮਾਨਯੋਗ ਹਾਈ ਕੋਰਟ ਨੂੰ ਬੇਨਤੀ ਕੀਤੀ ਸੀ ਕਿ ਭਾਰਤ ਸਰਕਾਰ ਨੂੰ ਆਦੇਸ਼ ਦਿੱਤਾ ਜਾਵੇ ਕਿ ਉਹ ਇੰਗਲੈਂਡ ਦੀ ਸਰਕਾਰ ਨਾਲ ਗੱਲ ਬਾਤ ਕਰ ਕੇ ਸ਼ਹੀਦ ਊਧਮ ਸਿੰਘ ਦਾ ਪਿਸਤੌਲ ਅਤੇ ਬਾਕੀ ਦੀਆਂ ਨਿੱਜੀ ਵਸਤਾਂ ਭਾਰਤ ਵਾਪਸ ਲਿਆਵੇ -ਕੇਸ ਦੀ ਸੁਣਵਾਈ ਦੇ ਦੌਰਾਨ ਭਾਰਤ ਸਰਕਾਰ ਵੱਲੋਂ ਵਾਇਦਾ ਕੀਤਾ ਗਿਆ ਕਿ ਉਹ ਇੰਗਲੈਂਡ ਦੀ ਸਰਕਾਰ ਨਾਲ ਇਹ ਮੁੱਦਾ ਲਗਾਤਾਰ ਉਠਾਂਦੀ ਰਹੇਗੀ-ਮਾਨਯੋਗ ਹਾਈ ਕੋਰਟ ਨੇ ਆਸ ਜਤਾਈ ਕਿ ਭਾਰਤ ਸਰਕਾਰ 13.4.2019 ਤੱਕ, ਜਦੋਂ ਜਲਿਆਂ ਵਾਲੇ ਬਾਗ਼ ਦੇ ਗੋਲੀ ਕਾਂਡ ਦੀ ਸ਼ਤਾਬਦੀ ਵਰ੍ਹੇ ਗੰਢ ਹੈ, ਆਪਣੀਆਂ ਕੋਸ਼ਿਸ਼ਾਂ ਵਿਚ ਕਾਮਯਾਬ ਹੋ ਜਾਵੇਗੀ।



## ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦਗਾਰ ਬਨਾਉਣ ਬਾਰੇ ਮਾਨਯੋਗ ਹਾਈ ਕੋਰਟ ਦਾ ਨਿਰਦੇਸ਼

**ਸੀ. ਯੂ. ਪੀ ਨੰ. 12654 ਆਫ 2007**

**(ਐਚ. ਸੀ. ਅਰੋੜਾ ਬਨਾਮ ਪੰਜਾਬ ਸਰਕਾਰ )**

**ਜਨ ਹਿੱਤ ਪਟੀਸ਼ਨ ਵਿੱਚ ਉਠਾਇਆ ਗਿਆ ਮੁੱਦਾ :**

ਇਸ ਜਨ ਹਿੱਤ ਪਟੀਸ਼ਨ ਰਾਹੀਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਮੇਰੇ ਵੱਲੋਂ ਫਰਿਆਦ ਕੀਤੀ ਗਈ ਸੀ ਕਿ ਪੰਜਾਬ ਦੀ ਸਰਕਾਰ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਉਹ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਪਿੰਡ ਸਰਾਭਾ ਵਿੱਖੇ ਇਸ ਅਮਰ ਸ਼ਹੀਦ ਦੀ ਯਾਦ ਵਿੱਚ ਬਣ ਰਹੀ ਯਾਦਗਾਰ ਨੂੰ ਪੂਰਾ ਕਰਨ ਲਈ ਲੋੜੀਂਦੀ ਮਾਤਰਾ ਵਿੱਚ ਫੰਡ ਮੁਹੱਈਆ ਕਰਾਵੇ।

**ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਦਿੱਤੇ ਨਿਰਦੇਸ਼:**

"ਸ੍ਰੀ ਟੀ. ਐਸ. ਚਾਹਲ, ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ.-1, ਪੀ. ਡਬਲਯੂ. ਡੀ., ਬੀ. ਐਂਡ ਆਰ. ਲੁਧਿਆਣਾ ਵੱਲੋਂ ਦਾਇਰ ਕੀਤਾ ਸ਼ਪਥ-ਪੱਤਰ ਰਿਕਾਰਡ 'ਤੇ ਲਿਆ ਜਾਂਦਾ ਹੈ। ਇਸ ਸ਼ਪਥ-ਪੱਤਰ ਵਿੱਚ ਕਿਹਾ ਗਿਆ ਹੈ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਪਿੰਡ ਸਰਾਭਾ ਵਿਖੇ ਸ਼ਹੀਦ ਦੀ ਯਾਦ ਵਿੱਚ ਬਣ ਰਹੀ ਯਾਦਗਾਰ ਦੀ ਉਸਾਰੀ ਲਈ 40 ਲੱਖ ਰੁਪਏ ਦੀ ਰਕਮ ਮਨਜ਼ੂਰ ਕਰ ਦਿੱਤੀ ਗਈ ਹੈ ਅਤੇ ਇਹ ਰਕਮ ਉੱਪ ਮੰਡਲ ਮੈਜਿਸਟਰੇਟ (ਪੂਰਬ), ਲੁਧਿਆਣਾ ਨੂੰ ਹਾਸਲ ਹੋ ਗਈ ਹੈ।

ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਬੁੱਤ ਦੀ ਉਸਾਰੀ ਆਦਿ ਅਤੇ ਵਿਖਾਵਟੀ ਦੀਵਾਰਾਂ ਲਈ ਕੁੱਲ 58 ਲੱਖ ਰੁਪਏ ਦੀ ਰਾਸ਼ੀ ਦੀ ਜ਼ਰੂਰਤ ਸੀ, ਜਿਸ ਵਿੱਚੋਂ 28 ਲੱਖ ਰੁਪਏ ਦੀ ਰਾਸ਼ੀ ਨਿਰਦੇਸ਼ਕ, ਛੋਟੀਆਂ ਬੱਚਤਾਂ, ਲੁਧਿਆਣਾ ਤੋਂ ਪ੍ਰਾਪਤ ਹੋ ਗਈ ਹੈ, ਜਿਸ ਦੀ ਵਰਤੋਂ ਯਾਦਗਾਰ ਲਈ ਬਣਨ ਵਾਲੈ ਬੁੱਤ ਦੇ ਨਮੂਨੇ ਸਬੰਧੀ ਨਿਰਣੇ ਉੱਪਰ ਨਿਰਭਰ ਕਰੇਗੀ।

ਅਸੀਂ ਚਾਹੁੰਦੇ ਹਾਂ ਕਿ ਇਹ ਕਾਰਜ ਜਲਦੀ ਤੋਂ ਜਲਦੀ ਨੇਪਰੇ ਚਾੜ੍ਹਿਆ ਜਾਵੇ।

ਕਾਰਜਕਾਰੀ ਇੰਜੀਨੀਅਰ ਦੇ ਸ਼ਪਥ-ਪੱਤਰ ਦੇ ਮੱਦੇਨਜ਼ਰ ਹੁਣ ਕਿਸੇ ਹੋਰ ਨਿਰਦੇਸ਼ ਦੇਣ ਦੀ ਜ਼ਰੂਰਤ ਨਹੀਂ।

ਪਟੀਸ਼ਨ ਦਾ ਨਿਪਟਾਰਾ ਕੀਤਾ ਜਾਂਦਾ ਹੈ ।

(ਵਿਜੇਂਦਰ ਜੈਨ)
ਮੁੱਖ ਜੱਜ

(ਮਹੇਸ਼ ਗਰੋਵਰ)
ਜੱਜ

2 ਜੁਲਾਈ, 2008



ਸਰਾਭਾ ਪਿੰਡ ਵਿਖੇ ਸਥਿਤ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਬੁੱਤ- ਬੁੱਤ ਦੇ ਦਰਸ਼ਨ ਕਰਨ ਜਾ ਰਿਹਾ ਲੇਖਕ ਅਤੇ ਉਸ ਦੇ ਨਾਲ ਉਸ ਦਾ ਦੋਸਤ ਸ੍ਰੀ ਕੁਲਦੀਪ ਖੈਰਾ।



## ਸ਼ਹੀਦ ਮਦਨ ਲਾਲ ਢੀਂਗੜਾ ਦੇ ਢੱਠੇ ਹੋਏ ਜੱਦੀ ਘਰ ਨੂੰ ਯਾਦਗਾਰ ਦੇ ਤੌਰ 'ਤੇ ਨਾ ਸਾਂਭਣ ਦੇ ਸਰਕਾਰੀ ਫੈਸਲੇ ਦੇ ਹੱਕ ਵਿੱਚ ਪੰਜਾਬ ਸਰਕਾਰ ਵੱਲੋਂ ਦਿੱਤੇ ਸ਼ਪਥ-ਪੱਤਰ ਵਿੱਚ ਦੱਸੇ ਗਏ ਕੁਝ ਤਰਕ:

ਨੋਟ: ਐਡਵੋਕੇਟ ਐੱਚ. ਸੀ ਅਰੋੜਾ ਵੱਲੋਂ ਦਾਇਰ ਜਨ ਹਿੱਤ ਪਟੀਸ਼ਨ, ਸੀ ਡਬਲਯੂ ਪੀ -3197 ਆਫ 2012 ਵਿੱਚ ਪੰਜਾਬ ਸਰਕਾਰ ਨੂੰ ਨਿਰਦੇਸ਼ ਦੇਣ ਦੀ ਫਰਿਆਦ ਕੀਤੀ ਗਈ ਸੀ ਕਿ ਸ਼ਹੀਦ ਮਦਨ ਲਾਲ ਢੀਂਗੜਾ ਦੇ ਕਟੜਾ ਸ਼ੇਰ ਸਿੰਘ ਵਿਚਲੇ ਅਧ ਢਹੇ ਜੱਦੀ ਘਰ ਨੂੰ ਸੰਭਾਲਣ ਅਤੇ ਉਸ ਥਾਂ 'ਤੇ ਉਸ ਦੀ ਯਾਦਗਾਰ ਬਨਾਉਣ ਲਈ ਸੋਚਿਆ ਸਮਝਿਆ ਨਿਰਣਾ ਕਰਨ।

ਪੰਜਾਬ ਸਰਕਾਰ ਵੱਲੋਂ ਸ੍ਰੀ ਨਵਜੋਤ ਪਾਲ ਸਿੰਘ, ਸੰਯੁਕਤ ਨਿਰਦੇਸ਼ਕ, ਸਭਿਆਚਾਰਕ ਵਿਭਾਗ, ਪੰਜਾਬ ਨੇ ਇਕ ਸ਼ਪਥ-ਪੱਤਰ ਦਾਇਰ ਕੀਤਾ, ਜਿਸ ਵਿੱਚ ਮੁੱਖ ਤੌਰ 'ਤੇ ਹੇਠ ਲਿਖੇ ਕਾਰਨ ਦੱਸਦੇ ਹੋਏ ਅਜਿਹਾ ਸਮਾਰਕ ਬਨਾਉਣ ਤੋਂ ਇਨਕਾਰ ਕੀਤਾ ਗਿਆ ਸੀ:

"ਇਸ ਮਾਨਯੋਗ ਅਦਾਲਤ ਦੇ ਮੂਹਰੇ ਬੇਨਤੀ ਹੈ ਕਿ ਸ਼ਹੀਦ ਮਦਨ ਲਾਲ ਢੀਂਗੜਾ ਵਾਸਤਵ ਵਿੱਚ ਪੰਜਾਬ ਦਾ ਪਹਿਲਾ ਸ਼ਹੀਦ ਸੀ ਅਤੇ ਉਸਦੀ ਆਜ਼ਾਦੀ ਸੰਗਰਾਮ ਅਤੇ ਦੇਸ਼ ਸੇਵਾ ਵਿੱਚ ਦੇਣ ਦਾ ਕੋਈ ਮੁਕਾਬਲਾ ਨਹੀਂ।ਉਹ ਕੌਮ ਦੇ ਸੰਘਰਸ਼ ਦੀ ਪ੍ਰਤੀਨਿਧਤਾ ਕਰਦਾ ਹੈ ।ਉਸ ਦੀ ਦੇਸ਼ ਦੀ ਆਜ਼ਾਦੀ ਦੇ ਮੰਤਵ ਲਈ ਦਿੱਤੀ ਗਈ ਕੁਰਬਾਨੀ ਦਾ ਮੁੱਲ ਕਿਸੇ ਵੀ ਤਰੀਕੇ ਨਹੀਂ ਤਾਰਿਆ ਜਾ ਸਕਦਾ।

ਇਸ ਮੰਤਵ ਲਈ, ਸ਼ਹੀਦ ਮਦਨ ਲਾਲ ਢੀਂਗੜਾ ਦੀ ਸ਼ਾਨ ਵਿੱਚ ਸਮਾਰਕ ਬਨਾਉਣ ਲਈ ਪੰਜਾਬ ਸਰਕਾਰ ਨੂੰ ਬਹੁਤ ਸਾਰੀਆਂ ਤਜਵੀਜ਼ਾਂ ਪ੍ਰਾਪਤ ਹੋਈਆਂ ਹਨ। ਇਹਨਾਂ ਤਜ਼ਵੀਜ਼ਾਂ 'ਤੇ ਵਿਚਾਰ ਕਰਨ ਤੋਂ ਪਤਾ ਲੱਗਿਆ ਕਿ ਸ਼ਹੀਦ ਮਦਨ ਲਾਲ ਢੀਂਗੜਾ ਦੇ ਪਰਿਵਾਰ ਨੇ ਤਾਂ ਪਹਿਲਾਂ ਹੀ ਆਪਣਾਂ 350 ਗਜ਼ ਦਾ ਪਲਾਟ ਖੁੱਲ੍ਹੇ ਬਜ਼ਾਰ ਵਿੱਚ ਵੇਚ ਦਿੱਤਾ ਹੈ, ਉੱਤੇ ਪਲਾਟ ਦੇ ਖਰੀਦਾਰ ਨੇ ਪਲਾਟ ਉਪਰਲੇ ਪੁਰਾਣੇ ਢਾਂਚੇ ਨੂੰ ਪਹਿਲਾਂ ਹੀ ਢਾਹ ਛੱਡਿਆ ਹੈ ।ਅੱਜ ਦੀ ਹਾਲਤ ਵਿੱਚ ਸ਼ਹੀਦ ਮਦਨ ਲਾਲ ਢੀਂਗੜਾ ਦੇ ਘਰ ਦੀ ਥਾਂ 'ਤੇ ਕੇਵਲ ਖਾਲੀ ਪਲਾਟ ਹੈ, ਜਿਵੇਂ ਕਿ ਅਨੁਲੱਗ ਆਰ-1 ਤੋਂ ਸਪਸ਼ਟ ਹੈ।ਇਹ ਗੁਆਂਢੀਆਂ ਦੇ ਘਰਾਂ ਦੀਆਂ ਇਮਾਰਤਾਂ ਨਾਲ ਘਿਰਿਆ ਹੋਇਆ ਹੈ।ਕਿਉਂਕਿ ਇਹ ਸਥਾਨ ਦੋ/ਤਿੰਨ ਮੰਜ਼ਲਾ ਘਰਾਂ ਨਾਲ ਘਿਰਿਆ ਹੋਇਆ ਹੈ ਅਤੇ ਇਸ ਦੇ ਮੂਹਰੇ ਇੱਕ ਮੰਜ਼ਲਾ ਦੁਕਾਨਾਂ ਹਨ, ਇਸ ਲਈ ਇਸ ਇਮਾਰਤ ਨੂੰ ਉਹਨਾਂ ਖਰੀਦਾਰਾਂ ਕੋਲੋਂ,ਜਿਹਨਾਂ ਨੇ ਇਹ ਜਗ੍ਹਾ ਸ਼ਹੀਦ ਮਦਨ ਲਾਲ ਢੀਂਗੜਾ ਦੇ ਪਰਿਵਾਰ ਕੋਲੋਂ ਖਰੀਦੀ ਹੈ, ਖਰੀਦਣਾ ਵਿਹਾਰਕ ਨਹੀਂ।ਇਸ ਤਰ੍ਹਾਂ ਕਿਸੇ ਵੀ ਸੂਰਤ ਵਿੱਚ ਹੁਣ ਇਸ ਜਗ੍ਹਾ ਨੂੰ ਬਣ ਚੁੱਕੇ ਖਰੀਦਾਰ ਤੋਂ ਬਜ਼ਾਰੀ ਕੀਮਤ 'ਤੇ ਖਰੀਦਣ ਦਾ ਕੇਵਲ ਉਸ ਖਰੀਦਾਰ ਨੂੰ ਹੀ





**ਸ਼ਹੀਦ ਮਦਨ ਲਾਲ ਢੀਂਗੜਾ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਥਿਤ ਜੱਦੀ ਘਰ ਦੀਆਂ ਢਾਹ ਦਿੱਤੇ ਜਾਣ ਤੋਂ ਬਾਅਦ ਦੀ ਹਾਲਤ ਦੀਆਂ ਤਸਵੀਰਾਂ।**

ਲਾਭ ਹੋਵੇਗਾ, ਨਾ ਕਿ ਸ਼ਹੀਦ ਮਦਨ ਲਾਲ ਢੀਂਗੜਾ ਦੇ ਪਰਿਵਾਰ ਨੂੰ। ਇਸ ਹਾਲਾਤ ਵਿੱਚ, ਪੰਜਾਬ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਸ਼ਹੀਦ ਮਦਨ ਲਾਲ ਢੀਂਗੜਾ ਦੀ ਯਾਦਗਾਰ ਉਸ ਦੇ ਜੱਦੀ ਘਰ ਵਾਲੀ ਥਾਂ 'ਤੇ ਨਾ ਬਣਾਈ ਜਾਵੇ ।.........."



## ਸ਼ਹੀਦ ਸੁਖਦੇਵ ਦੀ ਯਾਦਗਾਰ ਬਾਰੇ ਮਾਨਯੋਗ ਹਾਈ ਕੋਰਟ ਦਾ ਫੈਸਲਾ

**ਸੀ. ਡਬਲਯੂ ਪੀ 4227 ਆਫ 2007**
**(ਐਚ. ਸੀ. ਅਰੋੜਾ ਬਨਾਮ ਪੰਜਾਬ ਸਰਕਾਰ)**

**ਪਟੀਸ਼ਨ ਕਰਤਾ ਦੀ ਫਰਿਆਦ:**

ਪੰਜਾਬ ਸਰਕਾਰ ਨੂੰ ਨਿਰਦੇਸ਼ ਦਿੱਤਾ ਜਾਵੇ ਕਿ ਸ਼ਹੀਦ ਸੁਖਦੇਵ ਦੇ ਲੁਧਿਆਣਾ ਦੇ ਨੌਘਰਾ ਇਲਾਕੇ ਵਿੱਚ ਸਥਿਤ ਜੱਦੀ ਘਰ ਨੂੰ ਸਮਾਰਕ ਘੋਸ਼ਤ ਕਰ ਕੇ ਇਸ ਦੀ ਸਰਕਾਰ ਵੱਲੋਂ ਸੰਭਾਲ ਕੀਤੀ ਜਾਵੇ ।

**ਮਾਨਯੋਗ ਹਾਈ ਕੋਰਟ ਦਾ ਨਿਰਦੇਸ਼:**

ਪੰਜਾਬ ਸਰਕਾਰ ਦਾ ਸ਼ਪਥ-ਪੱਤਰ ਰਿਕਾਰਡ 'ਤੇ ਲਿਆ ਜਾਂਦਾ ਹੈ ।

ਸ਼ਪਥ-ਪੱਤਰ ਦੇ ਪੈਰਾ ਨੰਬਰ 2 ਵਿੱਚ ਲਿਖਿਆ ਗਿਆ ਹੈ ਕਿ ਇਹ ਇਕ ਇਤਿਹਾਸਕ ਤੱਥ ਹੈ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ 23 ਮਾਰਚ, 1931 ਨੂੰ ਫਾਂਸੀ ਚੁੰਮ ਕੇ ਦੇਸ਼ ਵਾਸਤੇ ਅਤੇ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜਨ ਲਈ ਇਕ ਮਹਾਨ ਕੁਰਬਾਨੀ ਦਿੱਤੀ ਸੀ। ਇਹ ਵੀ ਕਿਹਾ ਗਿਆ ਹੈ ਕਿ ਸ਼ਹੀਦ ਸੁਖਦੇਵ ਦੇ ਰਿਸ਼ਤੇਦਾਰ ਸਰਕਾਰ ਦੀ ਇਸ ਤਜਵੀਜ਼ ਅਨੁਸਾਰ ਇਹ ਥਾਂ ਦਾਨ ਕਰਨ ਲਈ ਸਹਿਮਤ ਨਹੀ ਹਨ। ਲੁਧਿਆਣਾ ਦੇ ਨੌਘਰਾ ਇਲਾਕੇ ਵਿੱਚ ਸਥਿਤ ਇਸ ਜੱਦੀ ਘਰ ਨੂੰ "ਪੰਜਾਬ ਪਰਾਚੀਨ ਅਤੇ ਇਤਿਹਾਸਕ ਸਮਾਰਕਾਂ ਅਤੇ ਪੁਰਾਤੱਤਵੀ ਥਾਵਾਂ ਅਤੇ ਰਿਮੇਨਜ਼ ਐਕਟ, 1964" ਦੇ ਤਹਿਤ ਸੁਰੱਖਿਅਤ ਯਾਦਗਾਰ ਘੋਸ਼ਿਤ ਕੀਤਾ ਗਿਆ ਹੈ। ...............

ਪੰਜਾਬ ਸਰਕਾਰ ਵਲੋਂ ਦਾਇਰ ਕੀਤੇ ਸ਼ਪਥ-ਪੱਤਰ ਦੇ ਮੱਦੇਨਜ਼ਰ ਇਸ ਪਟੀਸ਼ਨ ਦਾ ਨਿਪਟਾਰਾ ਕੀਤਾ ਜਾਂਦਾ ਹੈ ਕਿਉਂਕਿ ਹੁਣ ਕੋਈ ਵੀ ਹੋਰ ਨਿਰਦੇਸ਼ ਜਾਰੀ ਕਰਨ ਦੀ ਜ਼ਰੂਰਤ ਨਹੀ ਰਹੀ।


17 ਜੁਲਾਈ, 2007

(ਵਿਜੇਂਦਰ ਜੈਨ)
ਮੁੱਖ ਜੱਜ
(ਮਹੇਸ਼ ਗਰੋਵਰ)
ਜੱਜ




**ਸ਼ਹੀਦ ਸੁਖਦੇਵ ਦੇ ਲੁਧਿਆਣਾ ਦੇ ਨੌਘਰਾ ਮੁਹੱਲੇ ਵਿਖੇ ਸਥਿਤ ਜੱਦੀ ਘਰ ਦੇ ਮੂਹਰੇ ਲੱਗਿਆ ਹੋਇਆ ਮੈਮੋਰੀਅਲ ਦਾ ਨੋਟਿਸ ਬੋਰਡ।**





**ਸ਼ਹੀਦ ਸੁਖਦੇਵ ਦਾ ਨੌਘਰਾ ਬਜ਼ਾਰ, ਲੁਧਿਆਣਾ ਵਿਖੇ ਸਥਿਤ ਜੱਦੀ ਘਰ, ਜਿਸ ਨੂੰ ਲੇਖਕ ਦੁਆਰਾ ਦਾਇਰ ਜਨ ਹਿਤ ਯਾਚਕਾ ਦੀ ਸੁਣਵਾਈ ਦੌਰਾਨ "ਸੁਰੱਖਿਅਤ ਸਮਾਰਕ ਘੋਸ਼ਿਤ ਕਰ ਦਿੱਤਾ ਗਿਆ ।**

## ਕਰਾਂਤੀਕਾਰੀ ਪਾਰਟੀ ਦੇ ਦਫਤਰ ਨੂੰ ਸਮਾਰਕ ਵਿੱਚ ਬਦਲਣ ਬਾਰੇ ਮਾਨਯੋਗ ਹਾਈ ਕੋਰਟ ਵਿੱਚ ਪਟੀਸ਼ਨ ਦਾ ਅਸਰ।

**ਸੀ.ਡਬਲਯੂ.ਪੀ 20236 ਆਫ 2014**
**(ਐਚ.ਸੀ. ਅਰੋੜਾ ਬਨਾਮ ਪੰਜਾਬ ਸਰਕਾਰ )**

**ਪਟੀਸ਼ਨ ਕਰਤਾ ਦੀ ਫਰਿਆਦ :**

ਇਸ ਪਟੀਸ਼ਨ ਵਿੱਚ ਪਟੀਸ਼ਨ ਕਰਤਾ-ਐਡਵੋਕੇਟ ਐਚ. ਸੀ. ਅਰੋੜਾ ਨੇ ਗੁਹਾਰ ਲਗਾਈ ਸੀ ਕਿ ਪੰਜਾਬ ਸਰਕਾਰ ਨੂੰ ਇਹ ਨਿਰਦੇਸ਼ ਦਿੱਤਾ ਜਾਵੇ ਕਿ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਸਥਾਪਤ ਕਰਾਂਤੀਕਾਰੀ ਪਾਰਟੀ ਦੇ ਪਹਿਲੇ ਦਫਤਰ ਨੂੰ, ਜਿਹੜਾ ਕਿ ਫਿਰੋਜ਼ਪੁਰ ਵਿੱਚ ਤੂੜੀ ਬਜ਼ਾਰ ਵਿਖੇ ਸਥਿਤ ਹੈ, ਨੂੰ ਸ਼ਹੀਦਾਂ ਦੀ ਯਾਦ ਵਿੱਚ ਸਮਾਰਕ ਦੇ ਰੂਪ ਵਿੱਚ ਸੁਰੱਖਿਅਤ ਕੀਤਾ ਜਾਵੇ।

**ਪਟੀਸ਼ਨ ਦਾ ਅਸਰ:**

ਇਸ ਪਟੀਸ਼ਨ ਦਾ ਨੋਟਿਸ ਮਿਲਦਿਆਂ ਹੀ ਪੰਜਾਬ ਸਰਕਾਰ ਨੇ "ਪੰਜਾਬ ਪਰਾਚੀਨ ਅਤੇ ਇਤਿਹਾਸਕ ਸਮਾਰਕਾਂ ਅਤੇ ਪੁਰਾਤੱਤਵੀ ਥਾਵਾਂ ਅਤੇ ਰਿਮੇਂਨਜ਼ ਐਕਟ" ਦੇ ਅੰਤਰਗਤ ਮੁੱਢਲਾ ਨੋਟੀਫਿਕੇਸ਼ਨ ਜਾਰੀ ਕਰ ਕੇ ਅਖ਼ਬਾਰਾਂ ਵਿੱਚ ਛਪਾ ਕਿ ਆਮ ਜਨਤਾ ਕੋਲੋਂ ਦੋ ਮਹੀਨੇ ਦੇ ਸਮੇਂ ਅੰਦਰ ਇਤਰਾਜ਼ ਮੰਗ ਲਏ ਸਨ । ਇਸ ਤਰ੍ਹਾਂ ਸਰਕਾਰ ਨੇ ਕਰਾਂਤੀਕਾਰੀ ਪਾਰਟੀ ਦੇ ਉਪਰੋਕਤ ਦਫਤਰ ਨੂੰ ਸੁਰੱਖਿਅਤ ਸਮਾਰਕ ਘੋਸ਼ਿਤ ਕਰਨ ਦੀ ਦਿਸ਼ਾ ਵਿੱਚ ਪਹਿਲਾ ਕਦਮ ਚੁੱਕ ਲਿਆ। ਬਾਅਦ ਵਿੱਚ ਪੁਟੀਸ਼ਨ ਕਰਤਾ ਦੁਆਰਾ ਹੱਤਕ ਪਟੀਸ਼ਨ ਦਾਇਰ ਕਰਨ ਉਪਰੰਤ ਉਪਰੋਕਤ ਇਮਾਰਤ ਨੂੰ ਸਮਾਰਕ ਬਣਾਉਣ ਲਈ ਅੰਤਿਮ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਗਿਆ ਹੈ।

ਪੰਜਾਬ ਸਰਕਾਰ ਨੇ 15.1.2015 ਨੂੰ ਮਾਨਯੋਗ ਹਾਈ ਕੋਰਟ ਵਿਚ ਸ਼ਪਥ ਪੱਤਰ ਦਾਇਰ ਕੀਤਾ ਜਿਸ ਵਿਚ ਕਿਹਾ ਗਿਆ ਸੀ ਕਿ ਪੰਜਾਬ ਸਰਕਾਰ ਨੇ ਮੁਢਲਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਜਿਸ ਉਪਰੰਤ ਮਾਣਯੋਗ ਹਾਈ ਕੋਰਟ ਨੂੰ ਯਾਚਿਕਾ ਦਾ ਨਿਪਟਾਰਾ ਕਰ ਦਿੱਤਾ। ਪ੍ਰੰਤੂ ਸਰਕਾਰ ਨੇ ਅੰਤਮ ਨੋਟੀਫਿਕੇਸ਼ਨ ਜਾਰੀ ਨਾ ਕੀਤਾ। ਜਿਸ ਉਪਰੰਤ ਯਾਚੀ ਨੇ ਮਾਨਯੋਗ ਹਾਈ ਕੋਰਟ ਵਿਚ ਹੱਤਕ ਪਟੀਸ਼ਨ ਦਾਇਰ ਕਰ ਦਿੱਤੀ। ਆਖਰ ਨੂੰ ਸਰਕਾਰ ਨੇ 15.12.2015 ਨੂੰ ਅੰਤਮ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ। ਹੁਣ ਇਸ ਇਮਾਰਤ ਨੂੰ ਸਮਾਰਕ ਵਿਚ ਬਦਲਣ ਦਾ ਰਾਹ ਪੱਧਰਾ ਹੋ ਗਿਆ ਹੈ।






**ਤੂੜੀ ਬਜ਼ਾਰ ਫਿਰੋਜ਼ਪੁਰ ਵਿਖੇ ਸਥਿਤ ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਬਣਾਈ ਕਰਾਂਤੀਕਾਰੀ ਪਾਰਟੀ ਦਾ ਪਹਿਲਾ ਦਫਤਰ-ਜਿਸ ਨੂੰ ਹੁਣ ਪੰਜਾਬ ਸਰਕਾਰ ਨੇ ਸੁਰੱਖਿਅਤ ਸਮਾਰਕ ਘੋਸ਼ਿਤ ਕੀਤਾ ਹੈ ।**

## ਸ਼ਹੀਦੇ ਆਜ਼ਮ ਭਗਤ ਸਿੰਘ ਦਾ ਉਹ ਪਿਸਤੌਲ, ਜਿਸ ਨਾਲ ਉਸ ਨੇ ਅੰਗਰੇਜ਼ ਅਫਸਰ ਸਾਂਡਰਸ ਨੂੰ ਮੌਤ ਦੇ ਘਾਟ ਉਤਾਰਿਆ ਸੀ- ਵਾਪਸ ਪੰਜਾਬ ਪਹੁੰਚਿਆ :

ਸੀ ਡਬਲਯੂ ਪੀ 5655 ਆਫ 2017
(ਐਚ ਸੀ ਅਰੋੜਾ ਬਨਾਮ ਪੰਜਾਬ ਸਰਕਾਰ)

**ਪਟੀਸ਼ਨ ਕਰਤਾ ਦੀ ਫਰਿਆਦ:**

ਸ਼ਹੀਦੇ ਆਜ਼ਮ ਭਗਤ ਸਿੰਘ ਦਾ ਉਹ ਪਿਸਤੌਲ, ਜਿਸ ਨਾਲ ਉਸ ਨੇ ਅੰਗਰੇਜ਼ ਅਫਸਰ ਸਾਂਡਰਸ ਨੂੰ ਮੌਤ ਦੇ ਘਾਟ ਉਤਾਰਿਆ ਸੀ, ਪਿਛਲੇ ਕਈ ਦਹਾਕਿਆਂ ਤੋਂ ਬੀ. ਐੱਸ. ਐੱਫ. ਦੇ ਇੰਦੌਰ ਵਿਖੇ ਸਥਿਤ ਅਜਾਇਬ ਘਰ ਵਿਚ ਰੁਲ ਰਿਹਾ ਹੈ। ਇਹ ਪਿਸਤੌਲ ਸ਼ਹੀਦੇ ਆਜ਼ਮ ਦੇ ਜੱਦੀ ਪਿੰਡ ਖਟਕੜ ਕਲਾਂ ਦੇ ਅਜਾਇਬ ਘਰ ਵਿਚ ਰੱਖਿਆ ਜਾਣਾ ਚਾਹੀਦਾ ਹੈ। ਇਸ ਲਈ ਬੀ. ਐੱਸ. ਐੱਫ. ਨੂੰ ਹਦਾਇਤ ਦਿੱਤੀ ਜਾਵੇ ਕਿ ਉਹ ਇਸ ਪਿਸਤੌਲ ਨੂੰ ਪੰਜਾਬ ਸਰਕਾਰ ਨੂੰ ਵਾਪਸ ਦੇਵੇ।

## ਪਟੀਸ਼ਨ ਦਾ ਅਸਰ:

22.5.2017 ਵਾਲੇ ਦਿਨ ਬੀ. ਐੱਸ. ਐੱਫ. ਵਲੋਂ ਮਾਨਯੋਗ ਹਾਈ ਕੋਰਟ ਵਿਚ ਇਕ ਹਲਫੀਆ ਬਿਆਨ ਦਾਇਰ ਕੀਤਾ ਗਿਆ, ਜਿਸ ਵਿਚ ਕਿਹਾ ਗਿਆ ਹੈ ਕਿ ਇਹ ਪਿਸਤੌਲ ਵਾਪਸ ਪੰਜਾਬ ਲੈ ਆਂਦਾ ਗਿਆ ਹੈ, ਅਤੇ ਇਸ ਨੂੰ ਫਿਰੋਜ਼ਪੁਰ ਨੇੜੇ ਹੁਸੈਨੀ ਵਾਲਾ ਵਿਖੇ ਸਥਿਤ ਬੀ. ਐੱਸ. ਐੱਫ. ਵਲੋਂ ਬਣਾਈ ਗਈ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦਗਾਰ ਵਿਚ ਸਜਾ ਕੇ ਰੱਖਿਆ ਜਾਵੇਗਾ।





ਸ਼ਹੀਦੇ ਆਜ਼ਮ ਭਗਤ ਸਿੰਘ ਦਾ ਉਹ ਪਿਸਤੌਲ, ਜਿਸ ਨਾਲ ਉਸ ਨੇ ਅੰਗਰੇਜ਼ ਅਫਸਰ ਸਾਂਡਰਸ ਨੂੰ ਮੌਤ ਦੇ ਘਾਟ ਉਤਾਰਿਆ ਸੀ, ਹੁਣ ਬੀ. ਐੱਸ. ਐੱਫ. ਦੇ ਹੁਸੈਨੀ ਵਾਲਾ, ਫਿਰੋਜ਼ਪੁਰ ਵਿਖੇ ਸਥਿਤ ਅਜਾਇਬ ਘਰ ਵਿਚ ਸਜਾ ਕੇ ਰੱਖਿਆ ਹੋਇਆ ਹੈ।

## ਸਟੇਸ਼ਨ ਊਧਮ ਸਿੰਘ ਵਾਲਾ

ਗੱਡੀ ਛੁਕ ਛੁਕ ਕਰਦੀ ਆਈ
ਹੋਲੀ ਹੋਲੀ ਖੜ੍ਹਦੀ ਆਈ
ਸਟੇਸ਼ਨ ਊਧਮ ਸਿੰਘ ਦੇ ਵਾਲਾ
ਹਰ ਕੋਈ ਲਹਿਣ ਚੜ੍ਹਨ ਨੂੰ ਕਾਹਲਾ
ਗੱਡੀ ਥੋੜਾ ਚਿਰ ਹੀ ਖੜ੍ਹਦੀ
ਮੁੜ ਕੇ ਫੇਰ ਸਪੀਡਾਂ ਫੜ੍ਹਦੀ
ਓਲੇ ਓਲੇ ਕਰਦੀ ਜਾਵੇ
ਊਧਮ ਸਿੰਘ ਨੂੰ ਫਤਹਿ ਬੁਲਾਵੇ
ਕਹਿੰਦੀ ਊਧਮ ਤੋਂ ਕੁਰਬਾਨ
ਜਾਵੇ ਸਾਰਾ ਹਿੰਦੁਸਤਾਨ
ਮੈਂ ਤਾਂ ਛੋਟੀ ਜਿਹੀ ਹਾਂ ਗੱਡੀ
ਇਤਨੀ ਚੀਜ਼ ਨਹੀਂ ਮੈਂ ਵੱਡੀ
ਵੱਡਾ ਊਧਮ ਸਿੰਘ ਦਾ ਨਾਂ
ਜਿਸ ਤੋਂ ਵਾਰੇ ਵਾਰੇ ਜਾਂ
ਵੇਖੋ ਮੀਡੀਆ ਕਿਦਾਂ ਆਇਆ
ਜਿਸ ਨੇ ਮੈਨੂੰ ਸੀ ਭੁਲਾਇਆ
ਵੇਖੋ ਨੇਤਾ ਕਿੰਨੇ ਆਏ
ਹਾਰ ਇੰਜਣ ਨੂੰ ਵੀ ਪਾਏ
ਮੈਨੂੰ ਲਾੜੀ ਵਾਂਗ ਸਜਾਇਆ
ਚਲ ਕੇ ਮੁੱਖ ਮੰਤਰੀ ਆਇਆ
ਮੇਰੀ ਬਦਲ ਗਈ ਹੁਣ ਚਾਲ
ਮੈਂ ਤਾਂ ਚਲਦੀ ਮੜਕਾਂ ਨਾਲ
ਜਿਸਨੇ ਮੇਰੀ ਲੜੀ ਲੜਾਈ
ਕਿਥੇ ਹੈ ਅਰੋੜਾ ਭਾਈ ?
ਉਹਨੂੰ ਛੇਤੀ ਲੈ ਕੇ ਆਵੋ



ਮੈਨੂੰ ਉਸਦੇ ਨਾਲ ਮਿਲਾਵੋ
ਉਸਨੇ ਦਿਤਾ ਮੇਰਾ ਸਾਥ
ਵੱਖਰਾ ਲਿਖ ਦਿਤਾ ਇਤਿਹਾਸ
ਮੈਨੂੰ ਉਸਤੋਂ ਬਹੁਤ ਹੀ ਆਸ
ਬੇਸ਼ੱਕ ਕਰਦਾ ਵਡੀਆਂ ਗੱਲਾਂ
ਲੇਕਿਨ ਮਾਰਦਾ ਵੀ ਹੈ ਮੱਲਾਂ

ਗੱਡੀ ਖੁਸ਼ੀਆਂ ਦੇ ਵਿਚ ਖੀਵੀ
ਚਾਹੇ ਮਰਦ ਚਾਹੇ ਬੀਵੀ
ਚਾਹੇ ਹਿੰਦੂ ਚਾਹੇ ਸਿੱਖ
ਚਾਹੇ ਮੁਸਲਿਮ ਹੋਵੇ ਦਿੱਖ
ਮੇਂ ਤਾਂ ਸਭ ਨੂੰ ਲੈ ਕੇ ਜਾਣਾ
ਊਧਮ ਦਾ ਇਤਿਹਾਸ ਸੁਣਾਣਾ
ਤਾਜੇ ਤਾਜੇ ਹਾਲੇ ਹਾਲੇ
ਅਰੋੜੇ ਨੇ ਕੀਤੇ ਉਪਰਾਲੇ
ਸਟੇਸ਼ਨ ਊਧਮ ਸਿੰਘ ਦਾ ਹੋਇਆ
ਅਰੋੜਾ ਵਿਚ ਖੁਸ਼ੀ ਦੇ ਰੋਇਆ
ਉਸਦਾ ਸੁਪਨਾ ਪੂਰਾ ਹੋਇਆ
ਹੋਰ ਵੀ ਕਰਨੇ ਨੇ ਉਪਰਾਲੇ
ਸੁਪਨੇ ਬਹੁਤ ਅਧੂਰੇ ਹਾਲੇ

## ਲੋਰੀ

ਮਾਤਾ ਬੱਚੇ ਨੂੰ ਲੋਰੀ ਦੇ
ਲੋਰੀ ਦੇ ਗੁਰੂਆਂ ਪੀਰਾਂ ਦੀ
ਦੇਸ਼ ਤੋਂ ਜਾਨਾਂ ਵਾਰ ਗਾਏ ਜੋ
ਉਹਨਾਂ ਸੂਰਬੀਰਾਂ ਦੀ

ਲੋਰੀ ਦੇਵੀਂ ਊਧਮ ਸਿੰਘ ਦੀ
ਜਾਂ ਫਿਰ ਮਦਨ ਲਾਲ ਦੀ
ਜਾਂ ਫਿਰ ਵੀਰ ਹਕੀਕਤ ਵਰਗੇ
ਸੱਚੇ ਧਰਮੀ ਬਾਲ ਦੀ
ਲੋਰੀ ਦੇਣੀ ਪੈਣੀ ਹੈ
ਹੁਣ ਮਹਾਰਾਣਾ ਪ੍ਰਤਾਪ ਦੀ
ਸ਼ਿਵਾ ਜੀ ਮਰਹੱਟੇ ਦੀ
ਇਤਿਹਾਸ 'ਤੇ ਛੱਡੀ ਛਾਪ ਦੀ
ਲੋਰੀ ਦੇਵੀਂ ਭਗਤ ਸਿੰਘ ਦੀ
ਜਾਂ ਕਰਤਾਰ ਸਰਾਭੇ ਦੀ
ਜਾਂ ਤੂੰ ਲੋਰੀ ਦੇਵੀਂ ਮਾਤਾ
ਕਿਸੇ ਵੀ ਗਦਰੀ ਬਾਬੇ ਦੀ
ਲੋਰੀ ਦੇਵੀਂ ਗੁਲਾਬੋ ਦੀ
ਗਦਰ ਲ਼ਹਿਰ ਦੀ ਰਾਣੀ ਦੀ
ਗਦਰ ਲ਼ਹਿਰ ਦੀ ਜਾਨ ਸੀ ਜਿਹੜੀ
ਇੱਕੋ ਇੱਕ ਸੁਆਣੀ ਦੀ
ਲੋਰੀ ਦੇਵੀਂ ਕੂਕਿਆਂ ਦੀ
ਜਾਂ ਦੇਵੀਂ ਬਬਰ ਸ਼ੇਰਾਂ ਦੀ
ਲੋਰੀ ਹਿੰਮਤ ਵਾਲਿਆਂ ਦੀ ਤੇ
ਲੋਰੀ ਦੇਵੀਂ ਦਲੇਰਾਂ ਦੀ



ਲਗਦੈ ਮਾਤਾ ਦੇਸ਼ ਨੂੰ ਮੁੜਕੇ
ਲੋੜ ਪਈ ਕੁਰਬਾਨੀ ਦੀ
ਲੋੜ ਹੈ ਤਾਂਤੀਆ ਟੋਪੇ ਦੀ
ਤੇ ਝਾਂਸੀ ਵਾਲੀ ਰਾਣੀ ਦੀ
ਅਲ੍ਹੜ ਬਲ੍ਹੜ ਬਾਵੇ ਦੀ
ਹੁਣ ਲੋਰੀ ਅਸਰ ਕਰੇਂਦੀ ਨਾ
ਨਾ ਕੋਈ ਬਾਵਾ ਰੂੰ ਲਿਆਉਂਦਾ
ਬਾਵੀ ਰੂੰ ਕਤੇਂਦੀ ਨਾ
ਹੁਣ ਤਾਂ ਬੱਚੇ ਨੂੰ ਦੇ ਮਾਤਾ
ਲੋਰੀ ਸੰਸਕਾਰਾਂ ਦੀ
ਦੇਸ਼ ਪ੍ਰੇਮ ਦੇ ਗੀਤਾਂ ਦੀ ਤੇ
ਦੇਸ਼ ਪ੍ਰੇਮ ਦੀਆਂ ਵਾਰਾਂ ਦੀ

ਮਾਤਾ ਬੱਚੇ ਨੂੰ ਲੋਰੀ ਦੇ
ਲੋਰੀ ਦੇ ਗੁਰੂਆਂ ਪੀਰਾਂ ਦੀ
ਦੇਸ਼ ਤੋਂ ਜਾਨਾਂ ਵਾਰ ਗਾਏ ਜੋ
ਉਹਨਾਂ ਸੂਰਬੀਰਾਂ ਦੀ



**ਸੁਨਾਮ ਵਿਖੇ ਸ਼ਹੀਦ ਊਧਮ ਸਿੰਘ ਦਾ ਬੁੱਤ**



## ਸਲਾਮ ਊਧਮ ਨੂੰ

ਆਓ ਸਾਰੇ ਮਿਲ ਕੇ
ਸਲਾਮ ਆਖੀਏ
ਸੁਖੀ ਵੱਸੇ ਤੇਰਾ
ਹਿੰਦੁਸਤਾਨ ਆਖੀਏ
ਛੱਡੀਏ  ਜੈਕਾਰਾ
ਜ਼ੋਰ ਨਾਲ ਆਖੀਏ
ਊਧਮ ਨੂੰ ਸਤ ਸ਼ਿਰੀ
ਅਕਾਲ ਆਖੀਏ
ਮੁਹੰਮਦ ਸਿੰਘ ਆਜ਼ਾਦ
ਹੈ ਸੀ ਨਾਮ ਜਿਸ ਦਾ
ਜਿਹਦੇ ਨਾਮ ਵਿੱਚ
ਹਿੰਦੁਸਤਾਨ ਦਿਸਦਾ।
ਆਓ ਉਹਨੂੰ ਸਾਰੇ
ਜੈ ਹਿੰਦ ਆਖੀਏ
ਕੱਲੇ ਕੱਲੇ ਸ਼ਹਿਰ
ਪਿੰਡ ਪਿੰਡ ਆਖੀਏ।
ਆਓ ਉੱਚੀ ਉੱਚੀ
ਇਨਕਲਾਬ ਆਖੀਏ
ਦੇਵੀਏ ਜਵਾਬ
ਜ਼ਿੰਦਾਬਾਦ ਆਖੀਏ।

## ਗਾਥਾ ਊਧਮ ਸਿੰਘ ਦੀ

ਆਓ ਕਰੀਏ ਯਾਦ
ਊਧਮ ਦੀ ਕੁਰਬਾਨੀ ਨੂੰ
ਇੰਗਲੈਂਡ ਵੀ ਰੋਕ ਨਾ ਸਕਿਆ
ਜਿਸ ਸੁਨਾਮੀ ਨੂੰ।

ਜਿਸ ਦਿਨ ਚਲ ਕੇ ਊਧਮ ਸਿੰਘ
ਇੰਗਲੈਂਡ ਆਇਆ ਸੀ
ਭਾਰਤ ਦੇ ਲਈ ਸੂਰਜ ਉਸ ਨੇ
ਨਵਾਂ ਚੜ੍ਹਾਇਆ ਸੀ।

ਸੂਰਜ ਚਲਦਾ ਚਲਦਾ
ਜਦ ਨੂੰ ਸਿਰ 'ਤੇ ਆਇਆ ਸੀ
ਲੰਦਨ ਦੇ ਵਿੱਚ ਲਗਦੈ
ਘੁੱਪ ਹਨੇਰਾ ਛਾਇਆ ਸੀ।

ਸਾਰੀ ਦੁਨੀਆਂ ਕਹਿੰਦੀ ਪਈ ਸੀ
ਗੋਰੇ ਕਾਇਰ ਨੂੰ
ਪਾਪਾਂ ਦੀ ਹੀ ਸਜ਼ਾ ਮਿਲੀ ਹੈ
ਜਨਰਲ ਡਾਇਰ ਨੂੰ।

ਹਿੰਦੁਸਤਾਨ ਦੀ ਆਜ਼ਾਦੀ
ਰੁਕ ਨਹੀਂ ਸਕਦੀ
ਭਾਰਤ ਮਾਤਾ ਕਿਸੇ ਦੇ ਅੱਗੇ
ਝੁਕ ਨਹੀਂ ਸਕਦੀ।

ਫਾਂਸੀ ਚੜ੍ਹਦਾ ਚੜ੍ਹਦਾ
ਊਧਮ ਸਿੰਘ ਕਹਿ ਗਿਆ



ਜਲ੍ਹਿਆਂ ਵਾਲੇ ਬਾਗ ਦਾ ਮੈਂ
ਬਦਲਾ ਲੈ ਲਿਆ।

ਹਸਦਾ ਹਸਦਾ ਊਧਮ
ਫਾਂਸੀ ਉੱਤੇ ਚੜ੍ਹ ਗਿਆ
ਦੇਸ਼ ਦੀ ਲੜਾਈ
ਮਰਦਾਂ ਵਾਂਗਰ ਲੜ ਗਿਆ।

ਇੰਗਲੈਂਡ ਦਾ ਸੂਰਜ ਲਹਿੰਦਾ
ਲਹਿੰਦਾ ਲਹਿ ਗਿਆ
ਸੱਤਾਂ ਸਾਲਾਂ ਅੰਦਰ ਗੋਰਾ
ਰਾਹੇ ਪੈ ਗਿਆ।

ਊਧਮ ਸਿੰਘ ਦੇ ਬੂਟੇ ਨੂੰ
ਫਲ ਲੱਗ ਚੁੱਕਾ ਸੀ
ਆਇਆ ਸੰਨ ਸੰਤਾਲੀ
ਗੋਰਾ ਭੱਜ ਚੁੱਕਾ ਸੀ।

ਆਓ ਕਰੀਏ ਯਾਦ
ਊਧਮ ਦੀ ਕੁਰਬਾਨੀ ਨੂੰ
ਮੁਹੰਮਦ ਸਿੰਘ ਆਜ਼ਾਦ
ਸਾਡੇ ਸ਼ੇਰ ਸੁਨਾਮੀ ਨੂੰ।

## ਸਾਕਾ ਜਲ੍ਹਿਆਂ ਵਾਲੇ ਬਾਗ ਦਾ

(13.4.1919)

ਆਓ ਕਰੀਏ  ਯਾਦ  ਸਾਕਾ
ਜਲ੍ਹਿਆਂ ਵਾਲੇ ਬਾਗ ਦਾ
ਅੰਗਰੇਜ਼ਾਂ ਦੇ ਮੱਥੇ ਉੱਤੇ
ਲ਼ੱਗੇ ਕਾਲੇ ਦਾਗ ਦਾ।

ਊਧਮ ਸਿੰਘ ਨੇ ਅੱਖੀਂ ਵੇਖੀ
ਜੋ ਵੀ ਓਥੇ ਬੀਤੀ ਸੀ
ਆਪਣੇ ਹੱਥੀਂ ਜ਼ਖਮੀਆਂ ਦੀ
ਜਲ ਦੀ ਸੇਵਾ ਕੀਤੀ ਸੀ।

ਅਗਲੇ ਦਿਨ ਉਹ ਅੰਨ੍ਹੇਂ ਖੂਹ 'ਚੋਂ
ਲਾਸ਼ਾਂ ਕੱਢ ਕੇ ਲਿਆਇਆ ਸੀ
ਸਾਰੀਆਂ ਲਾਸ਼ਾਂ ਕੱਢਣ ਮਗਰੋਂ
ਊਧਮ ਸਿੰਘ ਨਹਾਇਆ ਸੀ।

ਸਾਗਰ  ਠਾਠਾਂ ਮਾਰਦਾ ਸੀ
ਜਲ੍ਹਿਆਂ ਵਾਲੇ ਬਾਗ ਵਿੱਚ
ਕਨੱਹੀਆ ਲਾਲ ਦਹਾੜਦਾ ਸੀ
ਜਲ੍ਹਿਆਂ ਵਾਲੇ ਬਾਗ ਵਿੱਚ।

ਰੋਲਟ ਐਕਟ ਵਾਪਸ ਲਓ
ਨਾਹਰੇ ਵੱਜੀ ਜਾਂਦੇ ਸੀ
ਕਾਲਾ ਕਾਨੂੰਨ  ਵਾਪਸ ਲਓ
ਲੀਡਰ ਗੱਜੀ ਜਾਂਦੇ ਸੀ।



ਇਕ ਦਮ ਗੋਲੀ ਚੱਲਣ ਲੱਗੀ
ਭੱਜੋ ਭੱਜੋ ਹੋ ਗਈ ਸੀ
ਓਡਵਾਇਰ ਦੀ ਪੁਲਿਸ ਲੋਕਾਂ
ਮੂਹਰੇ ਆਣ ਖਲੋ ਗਈ ਸੀ
ਚਾਰਾਂ ਪਾਸੇ ਚਾਰ ਦਿਵਾਰੀ
ਮੌਤ ਨੇ ਘੇਰਾ ਪਾਇਆ ਸੀ
ਇੰਜ ਲਗਦਾ ਸੀ ਹਰ ਕੋਈ ਓਥੇ
ਮਰਨ ਵਾਸਤੇ ਆਇਆ ਸੀ

ਇਕ ਦੂਜੇ ਦੇ ਪੈਰਾਂ ਥੱਲੇ
ਆ ਕੇ ਮਰੀ ਜਾਂਦੇ ਸੀ
ਬਾਕੀ ਅੰਨ੍ਹੇ ਖੂਹ ਚ ਛਾਲਾਂ
ਲਾ ਕੇ ਮਰੀ ਜਾਂਦੇ ਸੀ।

ਸੋਲ੍ਹਾਂ ਸੌ ਪੰਜਾਹ ਗੋਲੀਆਂ
ਲੋਕਾਂ ਉੱਤੇ ਚੱਲੀਆਂ ਸੀ
ਇਹ ਤਾਂ ਖੁਦ ਓਡਵਾਇਰ ਨੇ ਵੀ
ਆਪਣੇ ਮੂਹੋਂ ਮੰਨੀਆਂ ਸੀ।

ਧਰਤੀ ਤੇ ਅਸਮਾਨ ਫਟ ਕੇ
ਮਲਬਾ ਮਲਬਾ ਹੋਇਆ ਸੀ
ਲਗਦਾ ਸੀ ਕਿ ਰੱਬ ਵੀ ਉਸ ਦਿਨ
ਭੁੱਬਾਂ ਮਾਰ ਕੇ ਰੋਇਆ ਸੀ

ਸੋਚਦਾ ਸੀ ਕਿ ਓਡਵਾਇਰ ਨੂੰ
ਪੈਦਾ ਹੀ ਨਹੀਂ ਕਰਨਾ ਸੀ
ਓਡਵਾਇਰ ਦੇ ਹੱਥੋਂ ਜੇਕਰ
ਐਨੋਂ ਲੋਕਾਂ ਮਰਨਾ ਸੀ।

## ਜਨਰਲ ਡਾਇਰ ਦਾ ਕਤਲ
(13.3.1940)

ਐਸੀ ਗੋਲੀ ਚੱਲੀ
ਸਾਰਾ ਇੰਗਲੈਂਡ ਧਮਕ ਗਿਆ
ਛੇ ਗੋਲੀਆਂ ਖਾ ਕੇ
ਜਨਰਲ ਡਾਇਰ ਲਮਕ ਗਿਆ

ਟਿਟਰ ਬਿਟਰ ਕਰਦਾ
ਹੱਥ ਮਿਲਾਉਂ ਦਾ ਜਾ ਰਿਹਾ ਸੀ
ਮੌਤ ਬਣ ਕੇ ਉਸ ਦੀ
ਊਧਮ ਅੱਗੋਂ ਰਿਹਾ ਸੀ।

ਹਾਊ ਆਰ ਯੂ ਜਨਰਲ
ਕਹਿ ਕੇ ਗੋਲੀ ਮਾਰ ਤੀ
ਸਾਰੇ ਹਿੰਦੁਸਤਾਨੀਆਂ ਦੀ
ਛਾਤੀ ਠਾਰ ਤੀ।

ਮਰ ਗਿਆ ਸੀ ਮੁਲਜ਼ਮ
ਜਲਿਆਂ ਵਾਲੇ ਬਾਗ ਦਾ
ਫੇਹ ਦਿੱਤਾ ਸਿਰ ਉਸ ਨੇ
ਕਾਲੇ ਨਾਗ ਦਾ।

ਕੈਕਸਟਨ ਹਾਲ ਵਿੱਚ
ਸਾਰੇ ਸ਼ੋਰ ਪੈ ਗਿਆ
ਵਾਇਸਰਾਏ ਹਿੰਦ
ਹੱਕਾ ਬੱਕਾ ਰਹਿ ਗਿਆ।



ਉੱਡਦੀਆਂ ਉੱਡਦੀਆਂ ਖ਼ਬਰਾਂ
ਵਿੱਚ ਪੰਜਾਬ ਦੇ ਆਈਆਂ ਸੀ
ਰੱਜ ਰੱਜ ਕੇ ਲੋਕਾਂ ਨੇ
ਖੁਸ਼ੀਆਂ ਮਨਾਈਆਂ ਸੀ

ਦਿਵਾਲੀ ਅੰਮ੍ਰਿਤਸਰ
ਸੀ ਮਨਾਈ ਲੋਕਾਂ ਨੇ
ਆਤਸ਼ਬਾਜ਼ੀ ਖ਼ੂਬ ਸੀ
ਚਲਾਈ ਲੋਕਾਂ ਨੇ।

ਖੁਸ਼ੀਆਂ ਤਾਂ ਮਨਾਈਆਂ ਸੀ
ਸੁਨਾਮ ਸ਼ਹਿਰ ਨੇ
ਨਾਂ ਉੱਚਾ ਕਰ ਦਿੱਤਾ
ਸਾਡੇ ਸ਼ੇਰ ਨੇ।

## ਖ਼ਬਰਾਂ ਬੋਲਦੀਆਂ

(13.3.1940 ਤੋਂ ਤੁਰੰਤ ਬਾਅਦ)

ਵੇਖੋ ਲੋਕੋ ਕਿਸ ਤਰ੍ਹਾਂ ਅਖਬਾਰਾਂ ਬੋਲਦੀਆਂ
ਗੋਰਿਆਂ ਦੇ ਕੰਨ ਕਿਸ ਤਰ੍ਹਾਂ ਖੋਲ੍ਹਦੀਆਂ।

ਸਭ ਨਾਲੋਂ ਪਹਿਲਾਂ ਬੀ ਬੀ ਸੀ ਬੋਲਿਆ
ਭਾਰਤੀ ਨੇ ਡਾਇਰ ਦਾ ਹੈ ਖ਼ੂਨ ਡੋਲ੍ਹਿਆ।

ਦੁਨੀਆਂ ਦੇ ਸਭ ਅਖਬਾਰ ਭਰੇ ਸੀ
ਊਧਮ ਦੀਆਂ ਖ਼ਬਰਾਂ ਦੇ ਨਾਲ ਭਰੇ ਸੀ

ਸੁਣ ਕੇ ਸੀ ਹਿੰਦੁਸਤਾਨ ਝੂਮ ਉੱਠਿਆ
ਊਧਮ ਸਿੰਘ ਦਾ ਸੁਨਾਮ ਝੂਮ ਉੱਠਿਆ।

ਸਾਡੇ ਕਈ ਲੀਡਰਾਂ ਨੂੰ ਸੱਪ ਲੜਿਆ
ਕਹਿੰਦੇ ਮੁੰਡਿਆਂ ਨੇ ਮਾੜਾ ਰਾਹ ਫੜਿਆ

ਕਹਿੰਦਾ ਟਰਬਿਊਨ ਮੁੰਡਾ ਰਾਹ ਭੁੱਲਿਆ
ਜ਼ਿੰਮੇਂਵਾਰ ਲੋਕਾਂ ਦਾ ਵਿਸਾਹ ਭੁੱਲਿਆ

ਹੋਰ ਅਖ਼ਬਾਰਾਂ ਨੇ ਵੀ ਉਹਨੂੰ ਭੰਡਿਆ
ਛੱਜ ਵਿੱਚ ਪਾ ਕੇ ਊਧਮ ਨੂੰ ਸੀ ਛੰਡਿਆ।

ਰੇਡੀਓ ਨੂੰ ਕੰਨਾਂ ਨਾਲ ਲਾਇਆ ਲੋਕਾਂ ਨੇ
ਕਈ ਦਿਨਾਂ ਤੱਕ ਨਹੀਂ ਸੀ ਲਾਹਿਆ ਲੋਕਾਂ ਨੇ।



ਊਧਮ ਸਾਰੀ ਦੁਨੀਆਂ ਦੇ ਵਿੱਚ ਛਾ ਗਿਆ
ਹਿੰਦੀਆਂ ਨੂੰ ਸੁਣ ਕੇ ਮਜ਼ਾ ਹੀ ਆ ਗਿਆ।

ਖ਼ੁਸ਼ੀ ਨਾਲ ਦੀਵੇ ਸੀ ਜਗਾਏ ਲੋਕਾਂ ਨੇ
ਨੱਚ ਨੱਚ ਭੰਗੜੇ ਸੀ ਪਾਏ ਲੋਕਾਂ ਨੇ।

ਲੋਕਾਂ ਦਿਆਂ ਦਿਲਾਂ ਵਿੱਚ ਵੱਸ ਗਿਆ ਸੀ
ਆਜ਼ਾਦੀ ਕਿਵੇਂ ਲਈਦੀ ਹੈ ਦੱਸ ਗਿਆ ਸੀ।

## ਕਤਲ ਤੋਂ ਬਾਅਦ ਦਾ ਬਿਆਨ

(13.3.1940)

ਮੈਂ ਸੱਚ ਬੋਲਿਆ ਹੈ
ਮੈਂ ਸੱਚ ਬੋਲਿਆ ਹੈ
ਪਿਛਲੇ ਕਈ ਸਾਲਾਂ ਤੋਂ
ਦਿਲ ਵਿੱਚ ਜ਼ਹਿਰ ਘੋਲਿਆ ਹੈ।

ਜਲ੍ਹਿਆਂ ਵਾਲੇ ਸਾਕੇ ਦਾ
ਸੀ ਬਦਲਾ ਲੈਣਾ ਮੈਂ
ਜਨਰਲ ਡਾਇਰ ਜਿੰਦਾ ਨਹੀਂ ਸੀ
ਰਹਿਣ ਦੇਣਾ ਮੈਂ।

ਭਾਗਾਂ ਵਾਲਾ ਦਿਨ
ਅੱਜ ਮੌਕਾ ਆਇਆ ਸੀ
ਜਨਰਲ ਡਾਇਰ ਮੇਰੀ ਦਾੜ੍ਹ
ਥੱਲੇ ਆਇਆ ਸੀ

ਲਗਦੈ ਉਸ ਦਾ ਕਾਲ ਉਸ ਨੂੰ
ਖਿੱਚ ਲਿਆਇਆ ਸੀ
ਉਹੀ ਗੋਲੀ ਖਾਧੀ ਜਿਸ 'ਤੇ
ਨਾਂ ਲਿਖਾਇਆ ਸੀ।

ਚੰਗਾ ਲਗਦੈ ਭਰੀ ਜਵਾਨੀ ਵਿੱਚ ਮਰਨਾ
ਬੁੱਢੇ ਹੋ ਕੇ ਮਰ ਕੇ ਵੀ ਕੀ ਕਰਨਾ
ਜਿੰਦੜੀ ਨੂੰ ਅੱਜ ਲੇਖੇ ਲਾ ਚੱਲਿਆਂ
ਦੇਸ਼ ਉੱਤੋਂ ਜਿੰਦੜੀ ਘੁਮਾ ਚੱਲਿਆਂ।



## ਜੇਲ੍ਹ ਦਾ ਹਾਲ

ਸੁਣੋ ਹਾਲ ਗੋਰਿਆਂ ਦੇ
ਕਾਲੇ ਦਿਲ ਦਾ
ਊਧਮ ਨੂੰ ਨਾ ਜੇਲ੍ਹ ਵਿੱਚ
ਪਾਣੀ ਮਿਲਦਾ

ਨਹਾਏ ਬਿਨਾਂ ਨਿੱਤਨੇਮ
ਕਰੇ ਸਰਦਾਰ ਨਾ
ਪਾਣੀ ਦੇਣ ਵਾਸਤੇ ਸੀ
ਜੇਲ੍ਹਰ ਤਿਆਰ ਨਾ।

ਊਧਮ ਦਾ ਨੇਮ ਸੀ ਕਿ
ਜਦ ਤਕ ਨਹਾਵੇ ਨਾ
ਅੰਨ ਦਾ ਉਹ ਭੋਰਾ
ਮੂੰਹ ਵਿੱਚ ਕਦੇ ਪਾਵੇ ਨਾ।

ਗੁੱਸੇ ਨਾਲ ਭੁੱਖ ਹੜਤਾਲ 'ਤੇ
ਉਹ ਬਹਿ ਗਿਆ
ਪਹਿਲਾਂ ਬਿਨਾਂ ਪਾਣੀ
ਹੁਣ ਅੰਨ ਬਿਨਾਂ ਰਹਿ ਗਿਆ।

ਗੋਰਿਆਂ ਦੀ ਸਿਹਤ ਉੱਤੇ
ਫਿਰ ਵੀ ਅਸਰ ਨਾ
ਤੰਗ ਕਰਨੇ ਦੀ ਓਹੋ
ਛਡਦੇ ਕਸਰ ਨਾ।

ਉਹਦੀ ਹਰ ਚਿੱਠੀ ਦੀ
ਤਲਾਸ਼ੀ ਲੈਂਦੇ ਸੀ
ਇਹੋ ਜਿਹੇ ਕੰਮਾਂ ਦੀ
ਸ਼ਾਬਾਸ਼ੀ ਲੈਂਦੇ ਸੀ

ਮੰਗਿਆਂ ਵੀ ਦਿੰਦੇ ਨਾ
ਕਿਤਾਬਾਂ ਪੜ੍ਹਣ ਨੂੰ
ਛੱਡ ਦਿੱਤਾ ਯੋਧਾ
ਜੇਲ੍ਹ ਵਿੱਚ ਸੜਣ ਨੂੰ।

ਕਹੇ "ਅਰੋੜਾ" ਇਹੋ
ਕੁਰਬਾਨੀ ਹੁੰਦੀ ਹੈ
ਦੇਸ਼ ਉੱਤੋਂ ਜਿੰਦੜੀ
ਘੁਮਾਣੀ ਹੁੰਦੀ ਹੈ।



## ਫਾਂਸੀ ਦੀ ਸਜ਼ਾ
(5.4.1940)

ਦੋ ਦਿਨਾਂ ਵਿੱਚ ਜੂਰੀ ਨੇ
ਸੀ ਦਿੱਤਾ ਹੁਕਮ ਸੁਣਾ
ਊਧਮ ਸਿੰਘਾ ਤੂੰ ਹੈਂ
ਦੋਸ਼ੀ ਕਤਲ ਦਾ
ਪੁੱਛਦੇ ਹਾਂ ਦੱਸ ਤੈਨੂੰ
ਦੇਈਏ ਕੀ ਸਜ਼ਾ।

ਊਧਮ ਸਿੰਘ ਸੀ ਅੱਗੋਂ ਬੋਲਿਆ
ਮੈਨੂੰ ਡਰ ਨਹੀਂ ਫਾਂਸੀ ਦਾ
ਆਦਰਸ਼ਾਂ ਲਈ ਮੈਂ ਮਰ ਰਿਹਾ
ਮੈਨੂੰ ਡਰ ਨਾ ਕੋਈ ਵਿਖਾ।

ਮੈਂ ਹਾਂ ਛਾਤੀ ਠੋਕ ਕੇ ਆਖਦਾ
ਸਾਮਰਾਜ ਦੀ ਮੁਰਦਾਬਾਦ
ਗੋਰਿਓ ਹਿੰਦੁਸਤਾਨ ਛੱਡ ਦਿਓ
ਹੁਣ ਨਾ ਵਕਤ ਕਰੋ ਬਰਬਾਦ।

ਹਿੰਦੁਸਤਾਨ ਦੇ ਅੰਦਰ ਗੋਰਿਆਂ ਦਾ ਹੈ
ਕੁੱਤਿਆਂ ਜਿਹਾ ਵਿਹਾਰ
ਤੁਸੀਂ ਨਿਰਦੋਸ਼ਿਆਂ ਨੂੰ ਮਾਰਦੇ
ਬੇਦਰਦੀ ਦੇ ਨਾਲ।

ਹਿੰਦੁਸਤਾਨ ਦੇ ਅੰਦਰ ਤੁਸੀਂ ਹੈ
ਗੰਦਗੀ ਦਿੱਤੀ ਘੋਲ

ਚੁੱਲੂ ਪਾਣੀ ਦੇ ਵਿੱਚ ਡੁੱਬ ਮਰੋ
ਭੋਰਾ ਸ਼ਰਮ ਜੇ ਥੋਡੇ ਕੋਲ।

ਉਸ ਨੂੰ ਗੋਰੇ ਜੱਜਾਂ ਆਖਿਆ
ਊਧਮ ਸਿੰਘਾ ਜ਼ਹਿਰ ਨਾ ਘੋਲ
ਨਹੀਂ ਅਖ਼ਬਾਰਾਂ ਦੇ ਵਿੱਚ ਛਪਣਾ
ਤੇਰਾ ਇਕ ਵੀ ਮਾੜਾ ਬੋਲ।

ਊਧਮ ਗੱਜ ਕੇ ਅੱਗੋਂ ਆਖਦਾ
ਮੈਨੂੰ ਫਾਂਸੀ ਦਾ ਨਹੀਂ ਡਰ
ਮੈਂ ਤਾਂ ਆਪਣੀ ਗੱਲ ਸੁਣਾਵਣੀ
ਤੇਰੇ ਦਿਲ ਜੋ ਆਉਂਦੈ ਕਰ।

ਇਨਕਲਾਬ ਨੇ ਮਰ ਨਹੀਂ ਜਾਵਣਾ
ਮੇਰੀ ਇੱਕ ਮੌਤ ਦੇ ਨਾਲ
ਲੱਖਾਂ ਹਿੰਦੁਸਤਾਨੀ ਬਣਨਗੇ
ਗੋਰੇ ਸਾਮਰਾਜ ਦਾ ਕਾਲ।

ਉਸ ਨੇ ਜੱਜਾਂ ਉੱਤੇ ਥੁੱਕਿਆ
ਸੀ ਪੂਰੀ ਨਫਰਤ ਨਾਲ
ਕਹਿੰਦਾ ਆਖਰੀ ਵਾਰੀ ਕਹਿ ਰਿਹਾਂ
ਗੋਰਿਓ ਥੋਡੀ ਮੁਰਦਾਬਾਦ।

ਉਸ ਨੇ ਜ਼ੋਰ ਦੀ ਨਾਹਰਾ ਮਾਰਿਆ
ਇਨਕਲਾਬ ਜ਼ਿੰਦਾਬਾਦ
ਇੰਗਲੈਂਡ ਦੇ ਗੰਦੇ ਕੁੱਤਿਓ
ਥੋਡੀ ਹੋਵੇ ਮੁਰਦਾਬਾਦ।

ਪੱਤਰਕਾਰਾਂ ਨੂੰ ਜੱਜ ਬੋਲਿਆ
ਮੇਰਾ ਸੁਣ ਲਵੋ ਫਰਮਾਨ



ਤੁਸੀਂ ਅਖਬਾਰਾਂ ਵਿੱਚ ਨਹੀਂ ਛਾਪਣਾ
ਕੋਈ ਵੀ ਊਧਮ ਸਿੰਘ ਦਾ ਬਿਆਨ।

ਇੰਨਾ ਕਹਿ ਕੇ ਜੱਜਾਂ ਉਸ ਨੂੰ
ਦਿੱਤਾ ਫਾਂਸੀ ਦਾ ਹੁਕਮ ਸੁਣਾ
ਊਧਮ ਸਿੰਘਾ ਤੇਰੇ ਜੁਰਮ ਦੀ
ਬਣਦੀ ਇੱਕੋ ਇੱਕ ਸਜ਼ਾ।

## ਫਾਂਸੀ ਦਾ ਝੂਟਾ
(30.7.1940)

ਊਧਮ ਲਾੜਾ ਲਗਦਾ ਸੀ
ਪਾਇਆ ਨੀਲੇ ਰੰਗ ਦਾ ਸੂਟ
ਲੈ ਕੇ ਵਾਹਿਗੁਰੂ ਦਾ ਨਾਂ
ਉਸ ਨੇ ਫਾਂਸੀ ਲਈ ਸੀ ਝੂਟ।

ਪਾਠ ਗੁਰੂ ਦੀ ਬਾਣੀ ਦਾ
ਯੋਧਾ ਕਰਦਾ ਰਹਿੰਦਾ ਸੀ
ਇਕ ਦੋ ਧਾਰਮਿਕ ਪੁਸਤਕਾਂ ਵੀ
ਊਧਮ ਪੜ੍ਹਦਾ ਰਹਿੰਦਾ ਸੀ।

ਲਾੜੀ ਮੌਤ ਵਿਆਹੁਣ ਨੂੰ
ਤਿਆਰ ਬਰ ਤਿਆਰ ਰਹਿੰਦਾ ਸੀ
ਕਦੋਂ ਕੋਈ ਸੱਦਣ ਆਵੇਗਾ
ਸਦਾ ਹੁਸ਼ਿਆਰ ਰਹਿੰਦਾ ਸੀ।

ਭਗਤ ਸਿੰਘ ਦੀਆਂ ਯਾਦਾਂ ਨੂੰ
ਦਿਲ ਦੇ ਵਿੱਚ ਵਸਾਇਆ ਸੀ
ਜਲ੍ਹਿਆਂ ਵਾਲੇ ਬਾਗ ਦਾ
ਉਸ ਨੇ ਕਰਜ਼ ਚੁਕਾਇਆ ਸੀ।

ਭਾਰਤ ਦੀ ਆਜ਼ਾਦੀ ਦਾ
ਮੀਲ ਦਾ ਪੱਥਰ ਬਣਿਆ ਸੀ
ਫਾਂਸੀ ਵਾਲੇ ਤਖਤੇ 'ਤੇ
ਗਰਦਨ ਤਾਣ ਕੇ ਤਣਿਆ ਸੀ



ਵੱਖਰੀ ਕਬਰ ਉਸ ਦੇ ਲਈ
ਗੋਰਿਆਂ ਪੁੱਟੀ ਹੋਈ ਸੀ
ਉੱਤੇ ਯੂ ਐਸ ਲਿਖਣ ਲਈ
ਤਿਆਰੀ ਵੱਟੀ ਹੋਈ ਸੀ।
ਨਾਲ ਦੀ ਕਬਰ ਦੇ ਉੱਤੇ ਹੀ
ਐਮ ਡੀ ਐਲ ਲਿਖਿਆ ਸੀ
ਜਿਸ ਦੇ ਅੰਦਰ ਮਦਨ ਲਾਲ
ਢੀਂਗੜਾ ਸਦਾ ਲਈ ਲਿਟਿਆ ਸੀ।

ਦੋਵੇਂ ਕਰਾਂਤੀਕਾਰੀ ਸੀ
ਦੋ ਰੂਹਾਂ ਦੀ ਯਾਰੀ ਸੀ
ਭਾਰਤ ਦੀ ਆਜ਼ਾਦੀ ਲਈ
ਦੋਹਾਂ ਹੀ ਜਿੰਦ ਵਾਰੀ ਸੀ।

ਦੋਵੇਂ ਕੱਠੇ ਹੋ ਗਏ ਸੀ
ਸਦਾ ਦੀ ਨੀਂਦ ਸੌਂ ਗਏ ਸੀ
ਦਿਲ "ਅਰੋੜੇ" ਦੇ ਵਿੱਚ
ਆਪਣੀ ਯਾਦ ਸੰਜੋ ਗਏ ਸੀ।

## ਵਤਨ ਵਾਪਸੀ

(19.7.1974)

ਪਾਲਮ ਉੱਤੇ ਵੇਖੋ ਸੰਗਤਾਂ
ਹੁੰਮ ਹੁਮਾ ਕੇ ਆਈਆਂ
ਇਕ ਦੂਜੇ ਨੂੰ ਜੱਫੀਆਂ ਪਾਵਣ
ਦੇਵਣ ਖੂਬ ਵਧਾਈਆਂ।

ਵਤਨ ਵਾਪਸੀ ਊਧਮ ਸਿੰਘ ਦੀ
ਵੇਖਣ ਲਈ ਸਭ ਆਏ
ਲੱਖਾਂ ਲੋਕੀ ਕੱਠੇ ਹੋ ਕੇ
ਦਿੱਲੀ ਦੇ ਵਲ ਧਾਏ।

ਕੀ ਮੰਤਰੀ ਕੀ ਸੰਤਰੀ
ਖੜੇ ਸੀ ਵਿੱਚ ਕਤਾਰਾਂ
ਪੰਛੀਆਂ ਵਾਂਗੂੰ ਲਹਿੰਦੀਆਂ ਪਈਆਂ
ਨੇਤਾਵਾਂ ਦੀਆਂ ਡਾਰਾਂ।

ਐਨੀ ਉੱਚੀ ਉੱਚੀ ਲੋਕਾਂ
ਨੇ ਨਾਹਰੇ ਸੀ ਮਾਰੇ
ਲਗਦਾ ਟੁੱਟ ਕੇ ਡਿੱਗ ਪੈਣਗੇ
ਆਸਮਾਨ 'ਚੋਂ ਤਾਰੇ।

ਸੰਤਰੀਆਂ ਤੇ ਮੰਤਰੀਆਂ ਨੇ
ਫੋਟੂਆਂ ਬਹੁਤ ਖਿਚਾਈਆਂ
ਪ੍ਰੈਸ ਰਿਪੋਰਟਾਂ ਜਾਰੀ ਕਰਕੇ
ਦਿੰਦੇ ਫਿਰਨ ਵਧਾਈਆਂ।



ਅਸਥੀ ਕਲਸ਼ ਦੇ ਉੱਤੇ ਲੋਕਾਂ
ਫੂਲ ਮਾਲਾਵਾਂ ਪਾਈਆਂ
ਪੁਲਿਸ ਨੇ ਉਹਨੂੰ ਸਲਾਮੀ ਦਿੱਤੀ
ਤੋਪਾਂ ਖੂਬ ਚਲਾਈਆਂ।

ਕੱਠੀਆਂ ਹੋ ਕੇ ਸੰਗਤਾਂ ਓਥੋਂ
ਦਿੱਲੀ ਵਲ ਨੂੰ ਧਾਈਆਂ
ਰਸਤੇ ਦੇ ਵਿੱਚ ਲੱਖਾਂ ਲੋਕਾਂ
ਕਲਸ਼ 'ਤੇ ਮਾਲਾਂ ਪਾਈਆਂ।

ਖੁਸ਼ੀ ਦੇ ਅੰਦਰ ਝੂਮੀ ਜਾਵੇ
ਜਨਤਾ ਵਾਂਗ ਸ਼ੁਦਾਈਆਂ
ਊਧਮ ਸਿੰਘ ਨੂੰ ਲੈ ਕੇ ਸੰਗਤਾਂ
ਕਪੂਰਥਲਾ ਹਾਊਸ  ਆਈਆਂ।

ਤਿੰਨ ਦਿਨਾਂ ਲਈ ਠਹਿਰਿਆ ਓਥੇ
ਕਾਫਲਾ ਊਧਮ ਦਾ
ਪ੍ਰਧਾਨ ਮੰਤਰੀ ਆ ਕੇ ਕੀਤਾ
ਸਵਾਗਤ ਊਧਮ ਦਾ।

ਤਾਂਤਾ ਲੱਗਿਆ ਰਹਿੰਦਾ ਦਿਨੇ ਤੇ ਰਾਤੀਂ
ਜਨਤਾ ਦਾ
ਰੱਜ ਕੇ ਫੁੱਲ ਚੜ੍ਹਾ ਕੇ
ਦਿਲ ਨਾ ਭਰਦਾ ਜਨਤਾ ਦਾ।

ਚੌਥੇ ਦਿਨ ਨੂੰ ਊਧਮ ਸਿੰਘ
ਸੁਨਾਮ ਤੁਰ ਪਿਆ
ਲੋਕਾਂ ਦਾ ਰੇਲਾ ਵੀ ਉਸ ਦੇ
ਨਾਲ ਤੁਰ ਪਿਆ।

ਜਗ੍ਹਾ ਜਗ੍ਹਾ 'ਤੇ ਲੋਕਾਂ
ਸਵਾਗਤੀ ਗੇਟ ਲਗਾਏ ਸੀ
ਊਧਮ ਦੀ ਬੱਸ ਮੂਹਰੇ
ਪਿੱਛੇ ਲੋਕੀਂ ਧਾਏ ਸੀ।

ਚੰਡੀਗੜ੍ਹ ਵਿੱਚ ਤੋਪਾਂ ਫੇਰ
ਸਲਾਮੀ ਦਿੱਤੀ ਸੀ
ਚਰਚਾ ਕਰਦੇ ਊਧਮ
ਜੋ ਕੁਰਬਾਨੀ ਦਿੱਤੀ ਸੀ।

ਕਈ ਮਨਾਵਣ ਖੁਸ਼ੀਆਂ
ਤੇ ਕਈ ਰੋਈ ਜਾਂਦੇ ਸੀ
ਊਧਮ ਸਿੰਘ ਦੀ ਯਾਦ 'ਚ
ਅੱਥਰੂ ਚੋਈ ਜਾਂਦੇ ਸੀ।

ਮੁਹੰਮਦ ਸਿੰਘ ਆਜ਼ਾਦ ਹੁਣ
ਸੰਗਰੂਰ ਚ ਆ ਗਿਆ
ਧੂਰੀ ਤੇ ਬਰਨਾਲੇ ਵਿੱਚ ਵੀ
ਫੇਰਾ ਪਾ ਗਿਆ।

ਜਗ੍ਹਾ ਜਗ੍ਹਾ 'ਤੇ ਸਵਾਗਤੀ ਗੇਟ
ਬਣਾਏ ਲੋਕਾਂ ਨੇ
ਰੋਕ ਰੋਕ ਕੇ ਨਾਹਰੇ
ਖੂਬ ਲਗਾਏ ਲੋਕਾਂ ਨੇ।

ਵਿੱਚ ਪਟਿਆਲੇ ਰਸਤੇ
ਖੂਬ ਸਜਾਏ ਲੋਕਾਂ ਨੇ
ਸਾਰੇ ਸੂਬੇ ਦੇ ਵਿੱਚੋਂ ਹੀ
ਆਏ ਲੋਕਾਂ ਨੇ।



ਇਕੱਤੀ ਚੜ੍ਹੀ ਜੁਲਾਈ
ਸੁਨਾਮੀ ਘਰ ਵਿੱਚ ਆ ਗਿਆ
ਮੁੱਖ ਮੰਤਰੀ ਚਲ ਕੇ
ਦਰਸ਼ਨ ਦੇ ਲਈ ਆ ਗਿਆ।

ਲੱਖਾਂ ਲੋਕਾਂ ਰਲ ਕੇ
ਦਾਹ ਸੰਸਕਾਰ ਕੀਤਾ ਸੀ
ਰਾਜਸੀ ਸਨਮਾਨਾਂ ਦੇ
ਵਿਚਕਾਰ ਕੀਤਾ ਸੀ
ਸਾਰੇ ਧਰਮਾਂ ਦੀਆਂ ਹੀ
ਰੀਤਾਂ ਨਾਲ ਕੀਤਾ ਸੀ
ਰੇਸ਼ਮੀ ਦੁਸ਼ਾਲੇ ਖੂਬ
ਪਾਏ ਲੋਕਾਂ ਨੇ
ਚੰਦਨ ਅਤੇ ਦੇਸੀ ਘੀ
ਲੁੜ੍ਹਾਏ ਲੋਕਾਂ ਨੇ।

ਜ਼ੈਲ ਸਿੰਘ ਨੇ ਚਿਤਾ ਦੁਆਲੇ
ਚੱਕਰ ਲਾਇਆ ਸੀ
ਊਧਮ ਸਿੰਘ ਦੇ ਸ਼ਵ ਨੂੰ
ਅੱਗ ਨੇ ਘੇਰਾ ਪਾਇਆ ਸੀ
ਪੁਲਿਸ ਨੇ ਆਖਰੀ ਮੌਕੇ ਦੀ
ਹੁਣ ਧੁਨ ਵਜਾਈ ਸੀ
ਸੇਜਲ ਅੱਖਾਂ ਦੇ ਨਾਲ ਜਨਤਾ
ਘਰ ਨੂੰ ਆਈ ਸੀ।

ਰਹਿੰਦੀ ਦੁਨੀਆਂ ਤਾਈਂ
ਰਹਿਣਾ ਨਾਮ ਊਧਮ ਦਾ
ਕਰੂ "ਅਰੋੜਾ" ਯਾਦ ਇਹ
ਸਨਮਾਨ ਊਧਮ ਦਾ।

## ਉਦੇ ਸਿੰਘ ਤੋਂ

**ਮੁਹੰਮਦ ਸਿੰਘ ਆਜ਼ਾਦ ਤਕ ਦਾ ਸਫ਼ਰ**
**(ਜਨਮ-26.12.1899)**

ਸੁਨਾਮ ਸ਼ਹਿਰ ਵਿੱਚ ਜੰਮਿਆ ਸੀ ਉਹ
ਬੱਬਰ ਸ਼ੇਰ ਪੰਜਾਬ ਦਾ
ਸ਼ੇਰ ਸਿੰਘ ਸੀ ਨਾਮ ਓਸ ਦਾ
ਪੁੱਤਰ ਕੰਮੀਂ ਬਾਪ ਦਾ।

ਕਿਸਮਤ ਦਾ ਭਜਾਇਆ
ਯਤੀਮਖਾਨੇ ਪਹੁੰਚ ਗਿਆ
ਸ਼ੇਰ ਸਿੰਘ ਨੂੰ ਲੱਗਿਆ
ਠੀਕ ਟਿਕਾਣੇ ਪਹੁੰਚ ਗਿਆ।

ਅਮਰਤ ਛਕ ਕੇ ਬਣ ਗਿਆ ਸੀ ਉਹ
ਉਦੇ ਸਿੰਘ ਸਰਦਾਰ
ਬਦਲਾ ਲੈਣ ਲਈ ਉਡਵਾਇਰ ਤੋਂ
ਗਿਆ ਦੇਸ਼ ਤੋਂ ਬਾਹਰ।

ਲੋਕੀਂ ਮਰਦੇ ਵੇਖੇ ਉਸ ਨੇ
ਉਡਵਾਇਰ ਦੀ ਗੋਲੀ ਨਾਲ
ਦਿਲ ਵਿੱਚ ਡੂੰਘੀ ਨਫਰਤ ਹੋ ਗਈ
ਅੰਗਰੇਜ਼ਾਂ ਦੀ ਟੋਲੀ ਨਾਲ।

ਸੋਚ ਸਮਝ ਕੇ ਬਣਿਆ ਮੈਂਬਰ
ਗਦਰ ਪਾਰਟੀ ਦਾ
ਫਲਸਫਾ ਚੰਗਾ ਲੱਗਿਆ ਉਸ ਨੂੰ
ਗਦਰ ਪਾਰਟੀ ਦਾ।

ਪੰਜ ਸਾਲ ਤੱਕ ਬਾ-ਮੁਸ਼ੱਕਤ
ਕੈਦਾਂ ਕੱਟੀਆਂ ਊਧਮ ਨੇ



ਸ਼ਹੀਦੀ ਬਾਣੇ ਦੇ ਲਈ ਬਹਿ ਕੇ
ਤੰਦਾਂ ਵੱਟੀਆਂ ਊਧਮ ਨੇ।

ਭਗਤ ਸਿੰਘ ਨੂੰ ਲਾਹੌਰ ਜੇਲ੍ਹ ਵਿੱਚ
ਊਧਮ ਮਿਲਿਆ ਸੀ
ਵਖਰੀ ਜ਼ਿੰਦਗੀ ਜੀਣ ਦਾ ਉਸ ਨੂੰ
ਮਕਸਦ ਮਿਲਿਆ ਸੀ।

ਸੱਤ ਸਾਲ ਇੰਗਲੈਂਡ ਦੇ ਵਿੱਚ
ਵਕਤ ਲੰਘਾਇਆ ਸੀ
ਜਨਰਲ ਡਾਇਰ ਮਾਰਨ ਦਾ ਫਿਰ
ਮੌਕਾ ਆਇਆ ਸੀ।

ਉਦੋਂ ਤੱਕ ਉਹ ਮੁਹੰਮਦ ਸਿੰਘ ਆਜ਼ਾਦ
ਬਣ ਗਿਆ ਸੀ
ਹੱਥ ਵਿੱਚ ਲੈ ਪਿਸਤੌਲ
ਡਾਇਰ ਮੂਹਰੇ ਤਣ ਗਿਆ ਸੀ।

ਭਾਰਤ ਚੋਂ ਗੁਲਾਮੀ ਦਾ
ਜੂਲਾ ਲਾਹ ਕੇ ਸੁੱਟਿਆ ਸੀ
ਅੰਗਰੇਜ਼ ਰੂਪੀ ਪੌਦਾ
ਉਸ ਨੇ ਜੜ੍ਹ ਤੋਂ ਪੁੱਟਿਆ ਸੀ।

ਗੋਰਿਆਂ ਦੀ ਹਕੂਮਤ ਦੇ
ਪਰਾਣ ਪੰਖੇਰੂ ਉੱਡੇ ਸੀ
ਸੱਤ ਸਾਲ ਦੇ ਅੰਦਰ
ਲੰਦਨ ਵਾਪਸ ਪੁੱਜੇ ਸੀ।

ਸਾਡੀ ਆਜ਼ਾਦੀ ਦੇ ਪਿੱਛੇ
ਊਧਮ ਦੀ ਕੁਰਬਾਨੀ ਸੀ
ਲਗਦੈ ਹੈ "ਅਰੋੜੇ" ਨੂੰ
ਊਧਮ ਇਕ "ਸੁਨਾਮੀ" ਸੀ।

# ਮੈਂ ਹਾਂ ਮੁਹੰਮਦ ਸਿੰਘ ਆਜ਼ਾਦ

ਮੈਂ ਹਾਂ ਮੁਹੰਮਦ ਸਿੰਘ ਆਜ਼ਾਦ
ਮੈਨੂੰ ਊਧਮ ਸਿੰਘ ਨਾ ਸੱਦੋ
ਮੇਰਾ ਨਾਂ ਲੈਣ ਤੋਂ ਪਹਿਲਾਂ
ਗੋਰਿਓ ਕੋਹੜ ਨੂੰ ਦਿਲ 'ਚੋਂ ਕੱਢੋ।

ਕਿੰਨੀਆਂ ਚਿੱਠੀਆਂ ਲਿਖੀਆਂ ਮੈ
ਕਿੰਨੀ ਵਾਰੀਂ ਕਹਿ ਚੁੱਕਿਆ ਹਾਂ
ਮੈਂ ਹੁਣ ਊਧਮ ਸਿੰਘ ਨਹੀਂ
ਮੈਂ ਮੁਹੰਮਦ ਸਿੰਘ ਹੋ ਗਿਆਂ।

ਬਾਣੀ ਖ਼ੂਬ ਮੈ ਪੜ੍ਹਦਾ ਹਾਂ
ਪੜ੍ਹਨਾ ਚਾਹੁੰਦਾ ਮੈ ਕੁਰਾਨ
ਜੇਕਰ ਕੁਰਾਨ ਵੀ ਭੇਜ ਦਿਉਂ
ਗੋਰਿਓ ਥੋਡਾ ਬਹੁਤ ਹਸਾਨ।

ਮੈ ਤਾਂ ਮੁਸਲਿਮ ਮਸਜਿਦ ਨੂੰ ਵੀ
ਏਸੇ ਵਾਸਤੇ ਚਿੱਠੀ ਲਿੱਖੀ
ਮੈਨੂੰ ਉੱਤਰ ਨਹੀਂ ਆਇਆ
ਨਾ ਕੋਈ ਗੋਲੀ ਦਿੱਤੀ ਮਿੱਠੀ।

ਮੇਰੀ ਹਰ ਇਕ ਚਿੱਠੀ 'ਤੇ
ਆਪਣਾ ਪੂਰਾ ਨਾਂ ਮੈ ਪਾਵਾਂ
ਮੈਂ ਹੁਣ ਊਧਮ ਨਹੀਂ ਰਿਹਾ
ਮੁਹੰਮਦ ਸਿੰਘ ਆਜ਼ਾਦ ਕਹਾਵਾਂ।



ਮੁਹੰਮਦ ਸਿੰਘ ਆਜ਼ਾਦ ਨੇ
ਇੱਦਾਂ ਦਿੱਤੀਆਂ ਬਹੁਤ ਦੁਹਾਈਆਂ
ਐਪਰ ਉਸਦੀਆਂ ਜੋ ਅਰਜੋਈਆ
ਸੁਣੀਆਂ ਬਿਲਕੁਲ ਨਹੀਂ ਸ਼ੌਦਾਈਆਂ।

ਉਹਦੀ ਕਬਰ ਦੇ ਉੱਤੇ ਵੀ
ਉਹਨਾਂ ਯੂ ਐਸ ਹੀ ਲਿਖਿਆ
ਹਿੰਦੂ ਸਿੱਖ ਤੇ ਮੁਸਲਮ ਨੂੰ
ਗੋਰਿਆਂ ਪਾੜਨਾ ਹੀ ਤਾਂ ਸਿੱਖਿਆ।



## ਹੀਰ ਵਾਰਿਸ ਸ਼ਾਹ

ਕਿੱਸਾ ਵਾਰਿਸ ਸ਼ਾਹ ਦਾ
ਲਿਆਓ ਦੋਸਤੋ।
ਇੱਛਾ ਊਧਮ ਸਿੰਘ ਦੀ
ਪੁਗਾਓ ਦੋਸਤੋ।

ਵਾਰਿਸ ਸ਼ਾਹ ਨੇ ਹੀਰ ਦਾ
ਜੋ ਕਿੱਸਾ ਲਿਖਿਆ
ਸਹੁੰ ਰੱਬ ਦੀ ਉਸ ਤੋਂ ਮੈਂ
ਬਹੁਤ ਸਿਖਿਆ ਹੈ।

ਵਿਸ਼ਾ ਵਸਤੂ ਜਿਸ ਦੀ
ਬਲਵਾਨ ਹੁੰਦੀ ਹੈ
ਸਹੁੰ ਰੱਬ ਦੀ ਕਿੱਸੇ ਦੇ ਵਿੱਚ
ਜਾਨ ਹੁੰਦੀ ਹੈ।

ਰਾਂਝੇ ਨੇ ਕੁਰਬਾਨੀ ਦਿੱਤੀ
ਹੀਰ ਵਾਸਤੇ
ਦੁਨੀਆਂ ਨੂੰ ਕਹਾਣੀ ਦਿੱਤੀ
ਹੀਰ ਵਾਸਤੇ।

ਮੈਂ ਵੀ ਜ਼ਿੰਦਗੀ ਦੇਵਣ ਲੱਗਾਂ
ਦੇਸ਼ ਵਾਸਤੇ
ਫਾਂਸੀ ਨੂੰ ਮੈਂ ਚੁੰਮਣ ਲੱਗਾਂ
ਦੇਸ਼ ਵਾਸਤੇ।

ਵਿੱਚ ਕਚਹਿਰੀ ਜਾ ਕੇ
ਮੈਂ ਬਿਆਨ ਦੇਣਾ ਹੈ



ਪੋਥੀ ਉੱਤੇ ਹੱਥ ਰੱਖੋ
ਜੱਜ ਨੇ ਕਹਿਣਾ ਹੈ।

ਮੈ ਤਾਂ ਸਹੁੰ ਚੁੱਕਣੀ ਹੈ
ਵਾਰਸ ਯਾਰ ਦੀ
ਸਹੁੰ ਸਦਾ ਚੁਕੀਦੀ ਹੈ
ਸੱਚੇ ਪਿਆਰ ਦੀ।

ਮੈਨੂੰ ਨਾ ਦੁਬਿਧਾ ਵਿੱਚ
ਪਾਓ ਦੋਸਤੋ
ਕਿੱਸਾ ਵਾਰੇ ਸ਼ਾਹ ਦਾ
ਲਿਆਓ ਦੋਸਤੋ।

ਇੱਛਾ ਊਧਮ ਸਿੰਘ ਦੀ
ਪੁਗਾਇਓ ਦੋਸਤੋ
ਕਿੱਸਾ ਵਾਰੇ ਸ਼ਾਹ ਦਾ
ਲਿਆਓ ਦੋਸਤੋ।

ਨੋਟ: ਸ਼ਹੀਦ ਊਧਮ ਸਿੰਘ ਦੀਆਂ ਇਹ ਚਿੱਠੀਆਂ, ਜੋ ਉਹਨਾਂ ਨੇ ਆਪਣੇ ਦੋਸਤਾਂ ਨੂੰ ਭੇਜੀਆਂ ਸਨ, ਪ੍ਰਸਿੱਧ ਇਤਿਹਾਸਕਾਰਾਂ-ਡਾ. ਸਿਕੰਦਰ ਸਿੰਘ ਅਤੇ ਸ੍ਰੀ ਰਾਕੇਸ਼ ਕੁਮਾਰ ਜੀ ਦੀਆਂ ਕਿਤਾਬਾਂ ਵਿੱਚ ਮੌਜੂਦ ਹਨ।

## ਊਧਮ ਸਿੰਘ ਦਾ ਪਿਆਰ

ਮੇਰਾ ਭੁਲ ਜਾ ਅੜੀਏ ਪਿਆਰ ਨੀ
ਮੇਰਾ ਪੈਂਡਾ ਹੈ ਦੁਸ਼ਵਾਰ ਨੀ
ਮੇਰੀ ਸ਼ਾਦੀ ਹੋਵਣ ਵਾਲੀ ਹੈ
ਹੁਣ ਲਾੜੀ ਮੌਤ ਦੇ ਨਾਲ ਨੀ।

ਮੇਰੀ ਵਾਰ ਵਾਰ ਫਰਿਆਦ ਨੀ
ਨਾ ਮੰਗਿਆ ਕਰ ਮੁਲਾਕਾਤ ਨੀ
ਮੈਂ ਉਂਨੀ ਸੌ ਤੇ ਸੈਂਤੀ ਵਿੱਚ
ਤੈਨੂੰ ਆਖੀ ਸੀ ਇਕ ਬਾਤ ਨੀ
ਹੁਣ ਦੇਸ਼ ਦੀ ਖਾਤਰ ਮਰਨਾ ਹੈ
ਮੈ ਸੋਚਾਂ ਦਿਨ ਤੇ ਰਾਤ ਨੀ।

ਤੂੰ ਵਾਪਸ ਭਾਰਤ ਮੁੜ ਜਾ ਨੀ
ਸਾਡਾ ਮੁੱਕ ਗਿਆ ਹੈ ਸਾਥ ਨੀ
ਮੈ ਹੱਥ ਜੋੜ ਕੇ ਆਖਾਂ ਨੀ
ਤੂੰ ਕਰ ਦੇਈਂ ਮੈਨੂੰ ਮਾਫ ਨੀ।

ਤੂੰ ਮੇਰੇ ਦਿਲ ਵਿੱਚ ਰਹਿੰਦੀ ਹੈਂ
ਮੈਨੂੰ ਹਰ ਪਲ ਹੈ ਅਹਿਸਾਸ ਨੀ
ਪਰ ਹੁਣ ਨਹੀਂ ਸੰਗਮ ਹੋਣਾ ਨੀ
ਨਾ ਰੱਖੀਂ ਝੂਠੀ ਆਸ ਨੀ

ਮੈਂ ਅੱਖੀਂ ਵੇਖਣਾ ਚਾਹੁੰਦਾ ਸਾਂ
ਮੇਰਾ ਭਾਰਤ ਦੇਸ਼ ਆਜ਼ਾਦ ਨੀ
ਮੈਨੂੰ ਲਗਦੈ ਪੂਰਾ ਨਹੀਂ ਹੋਣਾ
ਮੇਰੀ ਜ਼ਿੰਦਗੀ ਦੇ ਵਿੱਚ ਖਾਬ ਨੀ।



ਸਾਡੀ ਮੰਗਣੀ ਵੀ ਨਹੀਂ ਹੋ ਸਕਦੀ
ਅਸੀਂ ਦੋਵੇਂ ਹਾਂ ਮਜਬੂਰ ਨੀਂ
ਪਰ ਇੰਨੀਂ ਗੱਲ ਮੈਂ ਕਹਿ ਸਕਦਾਂ
ਤੂੰ ਮੇਰੇ ਦਿਲ ਤੋਂ ਦੂਰ ਨਹੀਂ।
ਸਾਡਾ ਜਨਮ ਜਨਮ ਦਾ ਸਾਥ ਨੀ
ਹੁਣ ਗੋਰਿਆਂ ਨੂੰ ਮਨਜ਼ੂਰ ਨਹੀਂ
ਪਰ ਮੈਂ ਤਾਂ ਆਸ਼ਾਵਾਦੀ ਹਾਂ
ਕਿ ਅਗਲਾ ਜਨਮ ਵੀ ਦੂਰ ਨਹੀਂ।

## ਸਮਾਨ ਊਧਮ ਦਾ

ਲੰਦਨ ਦੇ ਵਿੱਚ ਰੁਲਦਾ ਪਿਆ
ਸਮਾਨ ਊਧਮ ਦਾ
ਜਿਸ ਦਾ ਹੱਕਦਾਰ ਹੈ
ਸੁਨਾਮ ਊਧਮ ਦਾ
ਮੰਨੋ ਜਾਂ ਨਾ ਮੰਨੋ
ਇਹ ਅਪਮਾਨ ਊਧਮ ਦਾ।

ਸੱਤ ਸਮੁੰਦਰ ਪਾਰ ਬੈਠੀ
ਡਾਇਰੀ ਊਧਮ ਦੀ
ਆਪਣਿਆਂ ਤੋਂ ਬਾਹਰ ਬੈਠੀ
ਡਾਇਰੀ ਊਧਮ ਦੀ
ਦਿਲ ਦੇ ਵਰਕੇ ਫੋਲ ਨਾ ਸਕੇ
ਡਾਇਰੀ ਊਧਮ ਦੀ
ਮੇਰੇ ਭਾਰਤ ਵੱਲ ਨੂੰ ਤੱਕੇ
ਡਾਇਰੀ ਊਧਮ ਦੀ।

ਦੇਸ਼ ਵਿੱਚ ਜੰਮ ਜੂ
ਮਾਹੌਲ ਊਧਮ ਦਾ
ਲੰਦਨੋ ਲਿਆਈਏ ਜੇ
ਪਿਸਤੌਲ ਊਧਮ ਦਾ।

ਸੁਣ ਸਰਕਾਰੇ ਤੇਰੇ
ਕੰਨ ਖੋਲ੍ਹਾਂ ਮੈ
ਊਧਮ ਦੀ ਸਹੁੰ ਖਾ ਕੇ
ਸੱਚ ਬੋਲਾਂ ਮੈ

ਡਾਇਰੀ ਤੇ ਪਿਸਤੌਲ ਵਾਪਸ
ਲੈ ਕੇ ਆਉਣਾ ਮੈਂ
"ਅਰੋੜਾ" ਆਖੇ ਚੈਨ ਨਾਲ
ਉਦੋਂ ਤੱਕ ਨਹੀਂ ਸੌਣਾ ਮੈ।



## ਸਮਾਰਕ ਊਧਮ ਦਾ


ਜਣਾ ਖਣਾ ਹੀ ਬਣਿਆ ਹੈ
ਪਰਚਾਰਕ ਊਧਮ ਦਾ
ਪਰ ਅੱਜ ਤੱਕ ਤਾਂ ਜੁੜਿਆ ਨਹੀਂ
ਸਮਾਰਕ ਊਧਮ ਦਾ।

ਸੀ ਐਮ ਸਾਹਬ ਨੇ
ਐਲਾਨ ਕੀਤਾ ਸੀ
ਲੁੱਕ ਛਿਪ ਕੇ ਨਹੀਂ
ਸ਼ਰ੍ਹੇ ਆਮ ਕੀਤਾ ਸੀ
ਇਕੱਤੀ ਸੀ ਜੁਲਾਈ
ਦੋ ਹਜ਼ਾਰ ਦੱਸ ਦੀ
ਜਨਤਾ ਪੰਜਾਬ ਦੀ ਹੈ
ਪਈ ਹੱਸਦੀ
ਜਨਤਾ ਸਮਾਰਕ ਦਾ
ਥਾਂ ਪੁੱਛਦੀ
ਕੀ ਰੱਖਿਆ ਸਮਾਰਕ ਦਾ
ਨਾਂ ਪੁਛਦੀ।

ਲੰਦਨ ਵਿੱਚੋਂ ਲੈ ਆਵਾਂ
ਜੇ ਡਾਇਰੀ ਊਧਮ ਦੀ
ਦੱਸੋ ਕਿੱਥੇ ਮੈ ਸਜਾਵਾਂ
ਡਾਇਰੀ ਊਧਮ ਦੀ
ਲੱਭ ਕੇ ਲੈ ਆਵਾਂ ਜੇ
ਪਿਸਤੌਲ ਊਧਮ ਦਾ
ਦੇਸ਼ ਵਿੱਚ ਉੱਡੂੰਗਾ
ਮਖੌਲ ਊਧਮ ਦਾ।

ਮੇਰੀ ਸਰਕਾਰੇ ਪਊ
ਗੱਲ ਸੁਣਨੀ
ਅੱਜ ਸੁਣਨੀ ਤੇ ਭਾਵੇਂ
ਕੱਲ੍ਹ ਸੁਣਨੀ।
ਕਰੋ ਅੱਛੀ ਗੱਲ ਹੁਣ
ਦੇਰੀ ਕਰੋ ਨਾ
ਗੱਲ ਕਰੋ ਪੱਕੀ
ਹੇਰਾ ਫੇਰੀ ਕਰੋ ਨਾ।

ਜਦ ਤਾਈਂ ਬਣਦਾ ਨਹੀਂ
ਸਮਾਰਕ ਊਧਮ ਦਾ
ਬਣ ਕੇ ਲੜੂ "ਅਰੋੜਾ"
ਪਰਚਾਰਕ ਊਧਮ ਦਾ।



ਡਿਗਰੀ ਕਾਲਜ ਸੁਨਾਮ ਦੀ ਲਾਇਬ੍ਰੇਰੀ ਵਿੱਚ ਪਏ ਸ਼ਹੀਦ ਊਧਮ ਸਿੰਘ ਦੇ ਅਸਥੀ ਕਲਸ਼



## ਕਸਮ ਸ਼ਹੀਦਾਂ ਦੀ

ਨਸ਼ਿਆਂ ਨੂੰ ਛੱਡੋ ਯਾਰ
ਕਸਮ ਸ਼ਹੀਦਾਂ ਦੀ
ਨਸ਼ਿਆਂ 'ਚੋਂ ਆਵੋ ਬਾਹਰ
ਕਸਮ ਸ਼ਹੀਦਾਂ ਦੀ।

ਆਉਣ ਵਾਲੀਆਂ ਨਸਲਾਂ ਉੱਤੇ
ਕਰ ਲਉ ਕੁਝ ਉਪਕਾਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਜੇਕਰ ਯਾਰੋ ਊਧਮ ਸਿੰਘ ਨੂੰ
ਕਰਦੇ ਤੁਸੀਂ ਪਿਆਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਫੌਜ 'ਚ ਭਰਤੀ ਹੋ ਕੇ
ਵੈਰੀ 'ਤੇ ਜੇ ਕਰਨਾ ਵਾਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਮਾਰਸ਼ਲ ਕੌਮ ਦਾ ਏਸ ਤਰ੍ਹਾਂ
ਨਾ ਕਰਿਉ ਨਰ ਸੰਹਾਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਨਸ਼ੇੜੂ ਛੜਿਆਂ ਦੀ
ਨਾ ਪੈਦਾ ਕਰੋ ਕਤਾਰ

ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਅੱਜ ਕੱਲ੍ਹ ਦੇ ਓਡਵਾਇਰ ਯਾਰੋ
ਮਾਰਨ ਗੁੱਝੀ ਮਾਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਥੋਡੇ ਵਿੱਚੋਂ ਭਗਤ ਸਿੰਘ
ਤੇ ਊਧਮ ਕਰੋ ਤਿਆਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।